# ਲੋਕਤਾ

ਅਕਤੂਬਰ - 1988

**October - 1988**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਹੱਕਾਂ ਦੀ ਰਾਖੀ ਲਈ ਹੱਕਾਂ ਦੀ ਜਾਣਕਾਰੀ ਜ਼ਰੂਰੀ ।

ਮਾਸਿਕ

# ਲੋਕਤਾ

ਇਨਸਾਨੀਅਤ ਸਭਨਾਂ ਧਰਮਾਂ ਤੋਂ ਉਪਰ ਹੈ ਇਨਸਾਨ ਬਣੋ

# The Lokta

**Monthly Magazine**

2nd class Mail Reg. No. 6794

Price 25¢ Out of Greater Vancouver 50¢

Vol. 12 No. 11

ਅਕਤੂਬਰ/October 1988




ਸੀ. ਪੀ. ਆਈ. (ਐਮ) ਦੇ ਉਹ ਸ਼ਹੀਦ, ਜਿਨ੍ਹਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਤੇ ਅਜ਼ਾਦੀ ਦੀ ਰਾਖੀ ਅਤੇ ਹਿੰਦੂ-ਸਿੱਖ ਏਕਤਾ ਦੇ ਸੰਗਰਾਮ ਵਿਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

LOKTA BOARD

MANAGER
Harkewal S. Dhaliwal 588-4279

PUBLISHER
Piara Singh Basi
588-7573

EDITORIAL BOARD

Jit. S. Ankhi 596-6984
Soofi Amarjit 581-7811
Surinder S. Sangha 588-5217
Mohinder S. Soomel 327-6461
Gurnam S. Sanghera 325-1662

CIRCULATION
Jasdeep S. Sandhu

ADVERTISEMENT
Amarjit Chatha

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

The
# Lokta
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

ਅਕਤੂਬਰ/October 1988 Vol. 12 No. 11

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

LOKTA Representative
Ranjit S. Sandhu - Williams Lake (398-6111)
Surinder S. Johal - Edmonton (461-6073)
Nirmal S. Dhindsa - Brampton (453-8149)
Rajinder S. Dhaliwal - Winnipeg (633-5229)
Surjit S. Bopanrai - Quesnel (992-3849)
Hakam S. Hans - Prince Rupert (624-3284)
Shavinder S. Basi - Toronto (740-1235)

## ਕੀ ਕਿੱਥੇ ਹੈ?


- ਕੀ ਪੰਜਾਬ ਸਮੱਸਿਆ ਦਾ ਕੋਈ ਹੱਲ ਨਹੀਂ — ਸ. ਹਰਕਿਸ਼ਨ ਸਿੰਘ ਸੁਰਜੀਤ 6
- "ਸ਼ਹੀਦਾਂ ਨੂੰ ਪ੍ਰਣਾਮ" 11
- ਸਿਓਲ ਓਲਿੰਪਕ ਦਾ ਪਹਿਲਵਾਨ ਸਤੀਸ਼ ਰੇਸ਼ਮ ਸਿੰਘ 14
- ਪੰਜਾਬੀ ਲੋਕ ਗੀਤਾਂ ਵਿਚ ਘੁੰਡ — ਸ. ਹਰਪਾਲ ਸਨੇਹੀ ਘੱਗ 15
- ਕਵਿਤਾ — ਸ. ਮੰਗਾ ਸਿੰਘ ਬਾਸੀ 16
- ਘੂਰੀ ਕਹਾਣੀ — ਤੇਲੂ ਰਾਮ 'ਕੁਹਾੜਾ' 19
- ਰੁਬਾਈਆਂ — ਪੰਡਤ ਵਿਦਿਆ ਦੇਵ "ਲੌਂਗੋਵਾਲ 19
- ਕਮਿਊਨਿਸਟ-ਧਰਮ ਅਤੇ ਵੱਖਵਾਦੀ-ਅਤਿਵਾਦੀ — ਸ. ਗੁਰਨਾਮ ਸਿੰਘ ਸੰਘੇੜਾ 22
- ਲੋਕਤਾ ਤੇਰ੍ਹਵੇਂ ਸਾਲ ਵਿਚ — ਸੂਫੀ ਅਮਰਜੀਤ 25
- ਪਿਆਰ ਸੌਦੇਬਾਜੀ ਨਹੀਂ — ਵਾਲ ਦੀ ਮੀਰ ਵੇਰਨਾਦਸਕੀ (ਸਾਡੀ ਧਰਤੀ ਨੂੰ ਲੱਭਣ ਵਾਲਾ ਮਨੁੱਖ) 4

ਗਵਰਨਰ ਦਾ ਦਾਅਵਾ ਰੱਦ
ਸਾ· ਗੁਰਚਰਨ ਸਿੰਘ ਰੰਧਾਵਾ
ਸਫਾ – 27


RAJA CATERING SERVICES SINCE 1975
• BEST FOOD
• BEST SERVICE • BEST PRICE
CALL BALWANT RAJA AT
325-5014
6450 MAIN STREET (at 49th., AVE)
VANCOUVER, B.C. CANADA V5W 2V4
Raja
325-5014
moti-mahal
PH. 321-3223
SPECIAL OFFER:
FOR WEDDING SWEETS AND YOUR CATERING NEEDS

# ਸੰਪਾਦਕੀ

# ਭਾਰਤ ਵਿਚ ਪ੍ਰੈਸ ਦੀ ਆਜ਼ਾਦੀ ਨੂੰ ਖਤਮ ਕਰਨ ਲਈ ਕਾਲਾ ਕਾਨੂੰਨ

ਭਾਰਤ ਵਿਚ ਰਾਜੀਵ ਗਾਂਧੀ ਦੀ ਸਰਕਾਰ ਨੇ 29 ਅਗਸਤ 1988 ਨੂੰ ਪ੍ਰੈਸ ਦੀ ਆਜ਼ਾਦੀ ਨੂੰ ਖਤਮ ਕਰਨ ਲਈ ਡੈਫੇਮੇਸ਼ਨ (ਹਤਕ/ਭੰਡੀ) ਬਿਲ ਲਿਆਂਦਾ ਜਿਸ ਰਾਹੀਂ ਪ੍ਰੈਸ ਨੂੰ ਸਹੀ ਅਤੇ ਪਾਜ ਤੇ ਕੁਰੀਤੀਆਂ ਨੂੰ ਨੰਗਾ ਕਰਨ ਦੀ ਰੀਪੋਰਟਿੰਗ ਤੇ ਪਾਬੰਦੀ ਲਾਉਣਾ ਹੈ। ਇਹ ਕਾਲਾ ਕਾਨੂੰਨ ਜਮਹੂਰੀ ਤੇ ਬੁਨਿਆਦੀ ਹੱਕਾਂ ਤੇ ਛਾਪਾ ਮਾਰਨਾ ਹੈ। ਭਾਵੇਂ ਕਿ ਆਖਿਆ ਇਹ ਗਿਆ ਹੈ ਕਿ ਇਹ ਬਿਲ ਹੱਤਕ ਵਾਲੀ ਰੀਪੋਰਟਿੰਗ ਨੂੰ ਸੁਧਾਰਨ ਲਈ ਹੈ ਪਰ ਅਸਲ ਵਿਚ ਕਾਂਗਰਸ ਸਰਕਾਰ ਆਪਣੇ ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ ਅਤੇ ਕਮਿਸ਼ਨਾਂ ਤੇ ਵੱਢੀਆਂ ਨੂੰ ਸਾਹਮਣੇ ਆਉਣ ਤੋਂ ਰੋਕਣ ਦਾ ਯਤਨ ਕਰ ਰਹੀ ਹੈ। ਇਹ ਬਿਲ ਬੋਫਰਜ਼ ਆਦਿ ਸਕੈਂਡਲਾਂ ਦੀ ਪਿਠ ਭੂਮੀ ਵਿਚ ਤੇ ਉਹਨਾਂ ਉਪਰ ਪਰਦਾ ਪੋਸ਼ੀ ਲਈ ਹੈ। ਹਕੀਕਤ ਵਿਚ ਇਹ ਬਿਲ ਖੋਜ ਅਤੇ ਤਪਤੀਸ਼ ਵਾਲੀ ਰੀਪੋਰਟਿੰਗ ਨੂੰ ਬੰਦ ਕਰਨ ਲਈ ਹੈ ਤਾਂ ਕਿ ਸਰਕਾਰ ਅਤੇ ਉਸ ਦੇ ਚਹੇਤਿਆਂ ਦੇ ਕੁਕਰਮਾਂ ਨੂੰ ਲੋਕਾਂ ਸਾਹਮਣੇ ਨੰਗਾ ਹੋਣ ਤੋਂ ਬਚਾਇਆ ਜਾ ਸਕੇ। ਭਾਵੇਂ ਅਗੇ ਭੀ ਕਈ ਕਾਨੂੰਨ ਹਨ। ਪਰ ਅਖਬਾਰ ਇਹ ਆਖ ਕੇ ਲਿਖ ਸਕਦੇ ਹਨ ਕਿ ਉਹਨਾਂ ਦੀ ਰਾਏ, ਦਿੱਤੀ ਜਾਣਕਾਰੀ ਅਤੇ ਟੀਕਾ ਟਿੱਪਣੀ ਤੇ ਰੀਪੋਰਟਿੰਗ ਈਮਾਨਦਾਰੀ ਨਾਲ ਤੇ ਲੋਕ ਹਿਤਾਂ ਦੇ ਪੱਖ ਤੋਂ ਕੀਤੀ ਗਈ ਹੈ। ਇਸ ਦਾ ਭੀ ਭੋਗ ਪਾਉਣ ਲਈ ਇਹ ਕਾਲਾ ਕਾਨੂੰਨ ਲਿਆਂਦਾ ਗਿਆ।

ਇਸ ਮਾਰੂ ਬਿਲ ਵਿਚ ਇਹ ਲਿਖਿਆ ਗਿਆ ਕਿ ਪਬਲਿਕ ਭਲਾਈ ਜਾਂ ਈਮਾਨਦਾਰੀ ਆਦਿ ਨੂੰ ਭੀ ਪਹਿਲਾਂ ਠੋਸ ਹਕੀਕਤਾਂ ਵਿਚ ਵਖਾਉਣਾ ਜ਼ਰੂਰੀ ਹੈ ਭਾਵ ਕਿ ਨੰਗੀ ਕੀਤੀ ਘਟਨਾ ਜਾਂ ਅਮਲ ਸਿਰਫ ਸੱਚਾ ਹੀ ਨਾ ਹੋਵੇ ਬਲਕਿ ਉਸ ਨੂੰ ਛਾਪਣਾ ਲੋਕ ਭਲਾਈ ਵਾਲਾ ਭੀ ਹੋਵੇ। ਜੇ ਕਰ ਉਹ ਬਿਆਨ ਸੱਚ ਹੈ ਪਰ ਉਸ ਰੀਪੋਰਟਿੰਗ ਰਾਹੀਂ ਸੰਕੇਤਕ ਢੰਗ ਨਾਲ ਭੀ ਕਾਨੂੰਨ ਭੰਗ ਹੋਇਆ ਹੋਵੇ ਤਾਂ ਜੇਲ੍ਹ ਹੋ ਸਕਦੀ ਹੈ। ਇਹ ਬਿਲ ਪ੍ਰੈਸ/ਰੀਪੋਰਟਰ ਤੇ ਭਾਰ ਪਾਏਗਾ ਕਿ ਉਹ ਸਾਬਤ ਕਰੇ ਕਿ ਉਸ ਦੀ ਰੀਪੋਰਟਿੰਗ ਸਹੀ ਤੇ ਪਬਲਿਕ ਭਲਾਈ ਲਈ ਹੈ ਅਤੇ ਕਰਿਮੀਨਲ ਭੰਡੀ ਨਹੀਂ। ਹੱਤਕ ਨੂੰ ਕਰਿਮੀਨਲ ਬਨਾਉਣ ਲਈ ਉਸ ਦਾ ਅੰਤਰ-ਰਾਸ਼ਟਰੀ ਹੋਣਾ ਜ਼ਰੂਰੀ ਹੈ ਪਰ ਕਾਂਗਰਸ ਸਰਕਾਰ ਨੇ ਖਤਮ ਕਰ ਦਿੱਤਾ ਹੈ। ਇਥੋਂ ਤੱਕ ਕਿ ਇਸ ਸੰਬੰਧੀ ਕੇਸ ਵਖਾਵੇ ਦੀ ਕਾਰਵਾਈ ਸਮਰੀ ਟਰਾਇਲ ਰਾਹੀਂ ਹੋਣਗੇ ਅਤੇ ਬੰਦ ਕਮਰੇ ਵਿਚ ਹੋਣਗੇ ਜਿਥੇ ਪ੍ਰੈਸ ਤੇ ਪਬਲਿਕ ਨੂੰ ਜਾਣ ਤੋਂ ਮਨਾਹੀ ਹੋਵੇਗੀ। ਇਹ ਪ੍ਰੈਸ ਵਾਲਿਆਂ ਨੂੰ ਪਹਿਲੇ ਕਸੂਰ ਤੇ ਦੋ ਸਾਲ ਅਤੇ ਦੂਜੀ ਵਾਰ ਪੰਜ ਸਾਲ ਦੀ ਜੇਲ੍ਹ ਦੀ ਗੱਲ ਕਰਦਾ ਹੈ।

ਇਸ ਸਭ ਦਾ ਭਾਵ ਪ੍ਰੈਸ ਨੂੰ ਡਰਾਉਣਾ, ਉਸ ਦੀ ਆਜ਼ਾਦੀ ਖੋਹਣਾ ਅਤੇ ਸਰਕਾਰ ਦੀ ਨੁਕਤਾਚੀਨੀ ਨੂੰ ਖਤਮ ਕਰਨਾ ਹੈ। ਇਹ ਬਿਲ ਸਰਕਾਰ ਦੀ ਕਾਰਗੁਜ਼ਾਰੀ, ਕਾਲੇ ਕਾਰਨਾਮਿਆਂ ਨੂੰ ਲਕੋਣ ਅਤੇ ਵਿਰੋਧੀ ਜਮਹੂਰੀ ਟਿੱਪਣੀ ਤੇ ਵਿਚਾਰਾਂ ਨੂੰ ਕੁਚਲਣ ਲਈ ਹੈ। ਸਰਕਾਰ ਇੰਨ੍ਹੀ ਘਬਰਾ ਗਈ ਹੈ ਕਿ ਉਸ ਨੇ 59ਵੀਂ ਵਿਧਾਨ ਸੋਧ ਰਾਹੀਂ ਐਮਰਜੈਂਸੀ ਲਾਉਣ ਦੀਆਂ ਅਥਾਹ ਤਾਕਤਾਂ ਲੈ ਲਈਆਂ ਹਨ। ਮਜ਼ਦੂਰ ਜਮਾਤ ਨੂੰ ਕੁਚਲਣ ਲਈ ਨਾਪਾਕ ਤੇ ਲੋਕ ਮਾਰੂ "ਦਸਤਕਾਰੀ ਝਗੜਿਆਂ" ਅਤੇ ਟਰੇਡ ਯੂਨੀਅਨ (ਸੋਧ) ਬਿਲ ਲਿਆਂਦੇ ਹਨ।

ਇਹ ਸਭ ਲੋਕ ਵਿਰੋਧੀ ਕਾਨੂੰਨ ਤਾਕਤ ਵਿਚ ਰਹਿਣ ਦੇ ਉਪਰਾਲੇ ਹਨ। ਸਰਕਾਰ ਦੇ ਕਿਰਦਾਰ ਵਿਚੋਂ ਉਪਜੇ ਕੁਕਰਮਾਂ ਨੂੰ ਲਕੋਣ ਦਾ ਇਕ ਹੋਰ ਅਸਫਲ ਤੇ ਕਾਲਾ ਯਤਨ ਹੈ।

ਕਾਂਗਰਸ ਸਰਕਾਰ ਸੋਚਦੀ ਸੀ ਕਿ ਇਹ ਬਿਲ ਚੁਪ ਚਪੀਤੇ ਤੇ ਝੱਟ ਪੱਟ ਪਾਸ ਹੋ ਜਾਏਗਾ। ਪਰ ਵਿਰੋਧੀ ਪਾਰਟੀਆਂ ਅਤੇ ਪ੍ਰੈਸ ਨੇ ਇਸ ਮਾਰੂ ਤੇ ਬੁਨਿਆਦੀ ਹੱਕਾਂ ਦੇ ਕਾਤਲ "ਹੱਤਕ ਬਿਲ" ਦਾ ਮੁਜ਼ਾਹਰੇ ਅਤੇ ਮਾਰਚ ਰਾਹੀਂ ਵਿਰੋਧ ਕੀਤਾ ਸਾਰੇ ਦੇਸ਼ ਨੇ ਇੰਨਾ ਵਿਰੋਧ ਤੇ ਰੋਹ ਦਾ ਪ੍ਰਗਟਾ ਕੀਤਾ ਕਿ ਰਾਜੀਵ ਗਾਂਧੀ ਇਸ ਗੱਲ ਤੇ ਮਜ਼ਬੂਰ ਹੋਇਆ ਕਿ ਬਿਲ ਨੂੰ ਸੋਧਣ ਦੇ ਨਾਮ ਤੇ ਆਪਣੀ ਇਕ ਅਖੌਤੀ ਕਮੇਟੀ ਨਿਯੁਕਤ ਕਰ ਦਿੱਤੀ ਸੀ। ਸਵਾਏ ਕਾਂਗਰਸ ਦੇ "ਨੈਸ਼ਨਲ ਹੈਰਲਡ" ਅਖਬਾਰ ਤੋਂ ਬਿਨਾਂ ਭਾਰਤ ਦੇ ਸਾਰੇ ਪ੍ਰੈਸ ਨੇ ਹੜਤਾਲ ਕੀਤੀ ਅਤੇ ਬਦੇਸ਼ੀ ਪੱਤਰਕਾਰਾਂ ਦੇ ਨੁਮਾਇੰਦਿਆਂ ਦੀ ਸੰਸਥਾ ਨੇ ਭੀ ਇਸ ਬਿੱਲ ਦਾ ਵਿਰੋਧ ਕੀਤਾ। ਸੋ ਲੋਕ ਦਬਾਅ ਅਤੇ ਵਿਰੋਧੀ ਪਾਰਟੀਆਂ ਦੀ ਸਰਗਰਮ ਵਿਰੋਧ ਦੇ ਕਾਰਨ, ਰਾਜੀਵ ਗਾਂਧੀ ਦੀ ਸਰਕਾਰ ਨੇ ਇਹ ਬਿਲ ਵਾਪਸ ਲੈ ਲਿਆ। ਇਹ ਲੋਕ ਏਕਤਾ ਦੀ ਜਿੱਤ ਹੈ ਅਤੇ ਅਗਾਂਹ ਨੂੰ ਚੁਕੰਨੇ ਰਹਿਣ ਦੀ ਲੋੜ ਹੈ।

■

ਸ਼ਬਦਾਂ ਵਿਚ ਜਿਹੜੇ ਤਾਕਤ ਵਿਚ ਹਨ ਉਹਨਾਂ ਦੇ ਭਰਿਸ਼ਟਾਚਾਰ ਨੂੰ ਨੰਗਿਆਂ ਕਰਨਾ ਜਮਹੂਰੀ ਕਾਰਜ ਵਿਧੀ ਦਾ ਇਕ ਅਟੁੱਟ ਅੰਗ ਹੈ। ਭਾਰਤੀ ਜਮਹੂਰੀਅਤ ਨੇ ਮੁੰਡਰਾ ਅਤੇ ਕੈਰੋਂ ਆਦਿ ਵਰਗਿਆਂ ਦੇ ਭਰਿਸ਼ਟਾਚਾਰ ਨੂੰ ਨੰਗਿਆ ਕੀਤਾ ਜਦੋਂ ਕਿ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਸੀ। ਅੱਜ ਇਹ ਬੋਫਰਜ਼ ਅਤੇ ਦੂਸਰੇ ਸੌਦਿਆਂ ਵਿਚ ਹੋ ਰਹੇ ਭਰਿਸ਼ਟਾਚਾਰੀ ਸਕੈਂਡਲਾਂ ਨੂੰ ਨੰਗਿਆ ਕਰ ਰਹੀ ਹੈ।

■


**ASHOKA TRADING CO. LTD.**

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ।

**ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
**# 102 - 8185 MAIN ST., VANCOUVER B.C.**
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*

WELL DISPLAYED & MOST DECORATED STORE IN TOWN



# ਜਾਪਾਨੀ ਕੈਨੇਡੀਅਨਾਂ ਨਾਲ ਹੋਏ ਵਿਤਕਰੇ ਦਾ ਪਛਚਾਤਾਪ

22 ਸਤੰਬਰ 1988 ਦਾ ਇਤਿਹਾਸ ਦਿਨ ਹੈ ਜਿਸ ਦਿਨ ਦੂਜੇ ਸੰਸਾਰ ਯੁੱਧ ਸਮੇਂ ਜਾਪਾਨੀ ਕੈਨੇਡੀਅਨਾਂ ਵਿਰੁਧ ਕੀਤੇ ਨਸਲਵਾਦੀ ਛਾਵਨਵਾਦੀ ਕੁਕਰਮਾਂ ਦਾ ਅਜ ਦੀ ਕਨਜ਼ਰਵੇਟਿਵ ਸਰਕਾਰ ਵਲੋਂ ਪ੍ਰਧਾਨ ਮੰਤਰੀ ਬਰਾਇਨ ਮਲਰੂਨੀ ਨੇ ਪਛਚਾਤਾਪ ਕਰਦੇ ਹੋਏ ਮੁਆਫੀ ਮੰਗੀ। ਨਾਲ ਹੀ ਉਸ ਵਧੀਕੀ ਵਾਲੇ ਕੁਕਰਮ ਤੋਂ ਬਚੇ ਹਰ ਜਾਪਾਨੀ ਕੈਨੇਡੀਅਨ ਨੂੰ ਇੱਕੀ ਇੱਕੀ ਹਜ਼ਾਰ ਡਾਲਰ ਭੀ ਦਿੱਤਾ ਜਾਵੇਗਾ। ਭਾਵੇਂ ਇਹ ਪੈਸਾ ਤੇ ਮਾਇਕ ਇਵਜ਼ਾਨਾ ਬਹੁਤ ਹੀ ਨਿਰਮੂਲ ਹੈ ਪਰ ਇਹ ਇਵਜ਼ਾਨਾ ਤੇ ਮੁਆਫੀ ਇਹ ਸਾਬਤ ਕਰਦੇ ਹਨ ਕਿ ਕੈਨੇਡੀਅਨ ਸਰਕਾਰ ਨੇ ਕਿੰਨਾ ਅਪਰਾਧ ਅਤੇ ਧੱਕਾ ਕੀਤਾ ਸੀ।

ਨਸਲਵਾਦ ਤਾਂ ਕੈਨੇਡੀਅਨ ਢਾਂਚੇ ਵਿਚ ਰਚ ਚੁਕਾ ਹੈ। ਕੈਨੇਡਾ ਦੇ ਅਸਲੀ ਵਾਸੀਆਂ ਦਾ ਸਭ ਕੁਝ ਖੋਹ ਲਿਆ ਅਤੇ ਅਜ ਭੀ ਉਹ ਤੀਜੇ ਦਰਜੇ ਦੇ ਸ਼ਹਿਰੀ ਹਨ। ਬਰਾਦਰੀ ਲਈ ਉਹਨਾਂ ਦੀ ਜੱਦੋ ਜਹਿਦ ਚਾਲੂ ਹੈ। ਚੀਨਿਆਂ ਨੂੰ ਮਜ਼ਦੂਰੀ ਲਈ ਤੇ ਖਾਸ ਕਰ ਰੇਲਵੇ ਲਾਈਨ ਵਿਛਾਉਣ ਲਈ ਲਿਆਂਦਾ। ਕੰਮ ਹੋਣ ਤੋਂ ਪਿਛੋਂ ਉਹਨਾਂ ਦੇ ਦਾਖਲੇ ਤੇ ਪਾਬੰਦੀ ਅਤੇ ਦਾਖਲਾ ਟੈਕਸ ਲਾ ਦਿੱਤਾ। ਫਿਰ ਭਾਰਤੀਆਂ ਨਾਲ ਭੀ ਨਸਲਵਾਦੀ ਸਲੂਕ, ਹੈਡ ਟੈਕਸ ਅਤੇ ਪਾਬੰਦੀਆਂ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਜਾਪਾਨੀਆਂ, ਚੀਨਿਆਂ ਅਤੇ ਭਾਰਤੀਆਂ ਵਿਰੁਧ ਵੈਨਕੂਵਰ ਵਿਚ ਤੇ ਬਾਹਰ ਫਸਾਦ ਤੇ ਹਿੰਸਾ ਹੋਇਆ। ਵੋਟ ਦੇ ਹੱਕ ਤੋਂ ਵਾਂਝਿਆਂ ਕੀਤੇ ਗਏ। ਬਹੁਤ ਸਾਰੇ ਚੰਗੇ ਕਿੱਤੇ/ਕੰਮਾਂ ਦੀ ਮਨਾਹੀ ਸੀ ਕਾਮਾਗਾਟਾ ਮਾਰੂ ਵਰਗੀਆਂ ਦਰਦਨਾਕ ਦੁਰਘਟਨਾਵਾਂ ਹੋਈਆਂ।

ਪਰ ਦੂਜੀ ਸੰਸਾਰ ਜੰਗ ਦੇ ਦੌਰਾਨ ਤਾਂ ਨਸਲਵਾਦ ਦੀ ਇੰਤਹਾ ਹੋ ਗਈ ਜਦੋਂ 1941 ਵਿਚ ਜਾਪਾਨ ਫਾਸ਼ੀਵਾਦੀ ਹਿਟਲਰ ਦੇ ਨਾਲ ਖੜ੍ਹ ਗਿਆ ਤੇ ਇਤਹਾਦੀਆਂ ਵਿਰੁਧ ਜੰਗ ਵਿਚ ਸ਼ਾਮਲ ਹੋ ਗਿਆ। ਉਸ ਸਮੇਂ ਦੀ ਸਰਕਾਰ ਨੇ ਜਾਪਾਨੀ ਕੈਨੇਡੀਅਨਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ। ਸਾਰਾ ਮਾਲ ਮੱਤਾ ਖੋਹ ਲਿਆ ਅਤੇ ਵੈਨਕੂਵਰ ਆਦਿ ਵਿਚੋਂ ਕੱਢ ਕੇ ਬੀ ਸੀ ਦੇ ਇਨਟੀਰੀਅਰ ਵਿਚ ਕੈਂਪਾਂ ਵਿਚ ਬੰਦ ਕਰ ਦਿੱਤਾ। ਇਹ ਗੈਰ ਵਿਧਾਨਕ ਅਤੇ ਗੈਰ ਜਮਹੂਰੀ ਕੁਕਰਮ ਤਾਂ ਹੈ ਹੀ ਪਰ ਇਹ ਤਾਂ ਦੇਸ਼ ਦੇ ਲੋਕਾਂ ਪਾਸੋਂ ਰਹਿਣ ਤੇ ਕੰਮ ਕਰਨ ਦੇ ਬੁਨਿਆਦੀ ਹੱਕ ਖੋਹਣਾ ਹੈ। ਜੀਉਣਾ ਭੀ ਸਰਕਾਰੀ ਰਹਿਮ ਤੇ ਹੋ ਗਿਆ। ਇਸ ਤੋਂ ਇਹ ਸਾਫ ਸੀ ਕਿ ਕੋਈ ਭੀ ਘੱਟ ਗਿਣਤੀ ਸੁਰੱਖਿਅਤ ਨਹੀਂ। ਉਸ ਨਾਲ ਕੋਈ ਭੀ ਬਦਸਲੂਕੀ ਅਤੇ ਜਬਰ ਕੀਤਾ ਜਾ ਸਕਦਾ ਹੈ। ਉਸ ਮਹਾਨ ਗਲਤੀ, ਅਪਰਾਧ ਅਤੇ ਨਸਲਵਾਦੀ ਕੁਕਰਮਾਂ ਤੇ ਪਛਚਾਤਾਪ ਕਰਨ ਤੇ ਗਲਤੀ ਮੰਨਣ ਲਈ ਕੋਈ ਸਾਢੇ ਚਾਰ ਦਹਾਕੇ ਲੱਗਣੇ, ਇਸ ਗੱਲ ਦਾ ਸੰਕੇਤ ਹਨ ਕਿ ਕੈਨੇਡੀਅਨ ਸਮਾਜ ਵਿਚ ਕਿੰਨਾ ਨਸਲਵਾਦ ਹੈ। ਭਾਵੇਂ ਕਿ ਕੁਝ ਨਾਮ-ਮਾਤਰ ਸਧਾਰ ਹੋ ਰਹੇ ਹਨ ਅਤੇ ਪੋਚਾ ਪਾਚੀ ਲਈ ਬਹੁ-ਸਭਿਆਚਾਰਕ ਕਾਨੂੰਨ ਬਣਾਏ ਜਾ ਰਹੇ ਹਨ ਪਰ ਅਜੇ ਨਸਲਵਾਦ ਨੂੰ ਮੁੱਢੋਂ ਖਤਮ ਕਰਨ ਲਈ ਠੋਸ ਕਦਮ ਨਹੀਂ ਚੁਕਿਆ ਗਿਆ। ਪਹਿਲੀ ਗੱਲ ਹੈ ਕਿ ਨਸਲਵਾਦ ਅਤੇ ਰੰਗ, ਨਸਲ, ਗਰੁਪ ਤੇ ਕੌਮੀਅਤ ਆਦਿ ਦੇ ਆਧਾਰ ਤੇ ਵਿਤਕਰਾ ਕਰਨ ਨੂੰ ਕਰਿਮੀਨਲ ਜ਼ੁਰਮ ਬਣਾਇਆ ਜਾਵੇ।

ਭਾਵੇਂ ਉਹਨਾਂ ਦੇ ਜੀਵਨ ਤੇ ਮਾਨਸਿਕ ਹਾਲਾਤ ਦਾ ਇਵਜ਼ਾਨਾ ਤਾਂ ਤਾਰਿਆ ਨਹੀਂ ਜਾ ਸਕਦਾ ਪਰ ਫਿਰ ਭੀ ਪਾਰਲੀਮੈਂਟ ਰਾਹੀਂ ਹੋਏ ਕੁਕਰਮ ਤੇ ਬੇ-ਇਨਸਾਫੀ ਦੀ ਮੁਆਫੀ ਅਤੇ ਨਾਮ ਵਜੋਂ ਮਾਇਕ ਇਵਜ਼ਾਨਾ ਚੰਗੀ ਗੱਲ ਹੈ। ਅਸੀਂ ਇਸ ਦੀ ਪ੍ਰਸ਼ੰਸਾ ਕਰਦੇ ਹਾਂ। ਨਾਲ ਹੀ ਅਸੀਂ ਮੰਗ ਕਰਦੇ ਹਾਂ ਕਿ ਭਾਰਤੀਆਂ ਅਤੇ ਚੀਨਿਆਂ ਨਾਲ ਹੋਈਆਂ ਵਧੀਕੀਆਂ ਤੇ ਜਬਰਾਂ ਦਾ ਭੀ ਪਛਚਾਤਾਪ ਅਤੇ ਮੁਆਫੀ ਹੋਵੇ। ਇਸ ਗੱਲ ਲਈ ਸਾਨੂੰ ਜੱਦੋ ਜਹਿਦ ਕਰਨੀ ਲੋੜੀਂਦੀ ਹੈ। ਪ੍ਰਧਾਨ ਮੰਤਰੀ ਮਲਰੂਨੀ ਨੇ ਇਸ ਮੁਆਫੀ ਸਮੇਂ ਇਤਿਹਾਸ ਵਿਚ ਹੋਏ ਵਿਤਕਰੇ, ਨਸਲਵਾਦੀ ਅਤੇ ਨਸਲੀ ਜਬਰ ਬਾਰੇ ਮੁਆਫੀ ਨਹੀਂ ਮੰਗੀ (ਜੋ ਚਾਹੀਦੀ ਸੀ)। ਉਸ ਨੇ (ਅਤੇ ਵਿਰੋਧੀ ਲਿਬਰਲ ਨੇਤਾ ਜੌਨ ਟਰਨਰ) ਆਖਿਆ ਕਿ ਜਾਪਾਨੀ-ਕੈਨੇਡੀਅਨਾਂ ਤੋਂ ਮੁਆਫੀ ਅਤੇ ਇਵਜ਼ਾਨੇ ਨੂੰ ਪੱਥ ਦਰਸ਼ਕ ਜਾਂ ਉਦਾਹਰਣ (ਪਰੈਸੀਡੈਂਟ) ਨਾ ਸਮਝਿਆ ਜਾਵੇ ਭਾਵ ਇਹ ਹੋਰਾਂ ਤੇ ਲਾਗੂ ਕਰਾਉਣ ਲਈ ਵਰਤੀ ਨਹੀਂ ਜਾ ਸਕਦੀ। ਸੋ ਜਿਥੇ ਅਸੀਂ ਇਸ ਕਦਮ ਦੀ ਪ੍ਰਸ਼ੰਸਾ ਕਰਦੇ ਹਾਂ, ਉਥੇ ਅਸੀਂ ਦੂਜੀਆਂ ਘੱਟ ਗਿਣਤੀਆਂ, ਜਿਵੇਂ ਭਾਰਤੀ ਤੇ ਚੀਨਿਆਂ ਨਾਲ ਹੋਈਆਂ ਬੇ-ਇਨਸਾਫੀਆਂ ਲਈ ਲੜੀਏ। ਜਿਵੇਂ ਪ੍ਰਧਾਨ ਮੰਤਰੀ ਮਲਰੂਨੀ ਨੇ ਪਾਰਲੀਮੈਂਟ ਵਿਚ ਆਖਿਆ ਹੈ ਕਿ ਹੁਣ ਅਜ ਦੇ ਹਾਲਾਤ ਵਿਚ ਕਿਸੇ ਭੀ ਘੱਟ ਗਿਣਤੀ ਨਾਲ ਕਿਸੇ ਤਰ੍ਹਾਂ ਦਾ ਨਸਲੀ ਜਾਂ ਹੋਰ ਵਿਤਕਰਾ ਨਹੀਂ ਕੀਤਾ ਜਾ ਸਕਦਾ। ਸੋ ਅਸੀਂ ਮੰਗ ਕਰਦੇ ਹਾਂ ਕਿ ਇਹਨਾਂ ਹੀ ਲਫਜ਼ਾਂ ਨੂੰ ਅਮਲੀ ਰੂਪ ਦਿਤਾ ਜਾਵੇ ਅਤੇ ਹੋਰਾਂ ਨਾਲ ਹੋਏ ਵਿਤਕਰਿਆਂ ਦੀ ਭੀ ਸੋਧ ਕੀਤੀ ਜਾਵੇ।

# ਪਿਆਰ ਸੌਦੇਬਾਜ਼ੀ ਨਹੀਂ

'ਮੈਂ ਵੱਖ ਵੱਖ ਲੋਕਾਂ ਨੂੰ ਇਕੋ ਤਰਾਂ ਪਿਆਰ ਨਹੀਂ ਕਰ ਸਕਦਾ ਅਤੇ ਮੇਰਾ ਖਿਆਲ ਹੈ ਕਿ ਕੋਈ-ਵੀ ਇਸ ਤਰਾਂ ਨਹੀਂ ਕਰ ਸਕਦਾ। ਪਿਆਰ ਇਕ ਇਕਾਈ ਹੈ ਅਤੇ ਇਹ ਸੌਦੇਬਾਜ਼ੀ ਤੇ ਵੰਡ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਲੋਕ ਪਿਆਰ ਕਰਨੋਂ ਹਟ ਕਿਵੇਂ ਜਾਂਦੇ ਹਨ। ਹੋ ਸਕਦਾ ਹੈ ਕਿ ਉਹਨਾਂ ਨੇ ਕਦੇ ਵੀ ਕਿਸੇ ਵਲ ਗੰਭੀਰਤਾ ਨਾਲ ਧਿਆਨ ਨਾ ਦਿਤਾ ਹੋਵੇ, ਸਗੋਂ ਅਚਾਨਕ ਹੀ ਜਾਂ ਇਤਫਾਕੀਆ ਹੀ ਕਿਸੇ ਦੀ ਜਵਾਨੀ ਜਾਂ ਸੁੰਦਰਤਾ ਦੇ ਦੀਵਾਨੇ ਹੋ ਗਏ ਹੋਣ? ਪਰ ਉਹਨਾਂ ਨੇ ਕਦੇ ਵੀ ਪਿਆਰ ਦਾ ਓਵੇਂ ਆਨੰਦ ਨਹੀਂ ਮਾਣਿਆ ਜਿਵੇਂ ਮੈਂ ਇਹਨੂੰ ਸਮਝਦਾ ਹਾਂ, ਇਹ ਉਹ ਭਾਵਨਾ ਹੁੰਦੀ ਹੈ ਜਿਹੜੀ ਸਭ ਕੁਝ ਹੁੰਦੀ ਹੈ, ਜਿਹੜੀ ਹੋਰ ਸਭ ਕਾਸੇ ਨੂੰ ਫਿੱਕਾ ਪਾ ਦਿੰਦੀ ਹੈ, ਜਿਹੜੀ ਪ੍ਰੇਰਨਾ ਦਿੰਦੀ ਹੈ, ਦਿਲ-ਦਿਮਾਗ ਉਤੇ ਛਾਂ ਜਾਂਦੀ ਹੈ ਅਤੇ ਸੱਜਰਾਪਣਾ ਬਖਸ਼ਦੀ ਹੈ।"

"ਮੇਰੇ ਦਿਮਾਗ ਵਿਚ ਅਨੇਕ ਨਵੇਂ-ਨਵੇਂ ਵਿਚਾਰ ਆ ਰਹੇ ਹਨ ਅਤੇ ਮੈਂ ਸੋਚ ਰਿਹਾ ਹਾਂ, ਕਲਪਨਾ ਦੀਆਂ ਉਡਾਰੀਆਂ ਲਾ ਰਿਹਾ ਹਾਂ, ਤੱਥਾਂ ਦਾ ਵਿਸ਼ਲੇਸ਼ਣ ਕਰ ਰਿਹਾ ਹਾਂ, ਅਤੇ ਮਾਦੇ ਦੀ ਬਣਤਰ ਦੀ ਡੂੰਘੀ ਖੋਜ ਕਰਨ ਦਾ ਜਤਨ ਕਰ ਰਿਹਾ ਹਾਂ। ਅਜਿਹੇ ਪਲਾਂ ਵੇਲੇ ਮੈਂ ਵਿਸਮਾਦੀ ਹਾਲਤ ਵਿਚ ਆ ਜਾਂਦਾ ਹਾਂ।"


ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ. (ਕਾਲ) ਬਾਸੀ

L/R

LAKEVIEW REALTY LTD.
7909 Scott Road,
Delta, B.C. V4C 6P6

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:
ਫ਼ੋਨ : 590-3231



K.S. (KAL) BASSI

# ਸਾਬਕਾ ਫੌਜੀਆਂ ਦੀਆਂ ਸਮਸਿਆਵਾਂ

ਪੰਜਾਬ ਤੇ ਚੰਡੀਗੜ੍ਹ ਦੇ ਸਾਬਕਾ ਫੌਜੀਆਂ ਨੇ 12 ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਇਕ ਕਨਵੈਨਸ਼ਨ ਰਖੀ ਹੋਈ ਹੈ। ਦੇਸ਼ ਵਿਚ ਇਕ ਕਰੋੜ ਦੇ ਕਰੀਬ ਸਾਬਕਾ ਫੌਜੀ ਹਨ। ਜਿਹਨਾਂ ਨੇ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਮਜਬੂਰ ਹੋ ਕੇ ਸੰਘਰਸ਼ ਦਾ ਰਾਹ ਅਖਤਿਆਰ ਕਰ ਲਿਆ ਹੈ।

ਕਿਉਂਕਿ ਜਿਉਂ ਜਿਉਂ ਦੇਸ਼ ਵਿਚ ਮਹਿੰਗਾਈ, ਬੇਰੁਜਗਾਰੀ, ਲੁਟ ਖੋਹ ਅਤੇ ਭ੍ਰਿਸ਼ਟਾਚਾਰ ਨੇ ਆਪਣੇ ਪੈਰ ਪੱਕੇ ਕੀਤੇ ਹਨ ਤਿਉਂ ਤਿਉਂ ਮਜਦੂਰਾਂ, ਕਿਸਾਨਾਂ, ਇਮਾਨਦਾਰ ਮੁਲਾਜਮਾਂ ਤੇ ਛੋਟੇ ਦੁਕਾਨਦਾਰਾਂ ਵਾਂਗ ਸਾਬਕਾ ਫੌਜੀ ਵੀ ਇਸ ਤੋਂ ਬੁਰੀ ਤਰਾਂ ਪ੍ਰਭਾਵਤ ਹੋਏ ਹਨ ਕਿਉਂਕਿ ਸਾਬਕਾ ਫੌਜੀਆਂ ਦਾ 95% ਹਿਸਾ ਪੇਂਡੂ ਮਜਦੂਰਾਂ ਤੇ ਕਿਸਾਨੀ ਵਿਚੋਂ ਹੀ ਹੁੰਦਾ ਹੈ।

ਜਿਥੇ ਸਾਬਕਾ ਫੌਜੀਆਂ ਨੇ ਦੇਸ਼ ਦੀ ਅਜਾਦੀ ਵਿਚ ਹਿਸਾ ਪਾਇਆ ਅਤੇ ਉਸ ਤੋਂ ਬਾਦ ਅਜਾਦੀ ਦੀ ਰਖਵਾਲੀ ਤੇ ਦੇਸ ਦੀ ਇਜ਼ਤ ਮਾਣ ਦੀ ਰਾਖੀ ਕੀਤੀ ਉਥੇ ਪੈਨਸ਼ਨ ਆਉਣ ਤੋਂ ਬਾਦ ਦੇਸ ਵਿਚ ਅਮਨ, ਏਕਤਾ ਤੇ ਭਾਈਚਾਰਕ ਸਬੰਧਾਂ ਨੂੰ ਮਜਬੂਤ ਕਰਨ ਵਿਚ ਵੀ ਹਿਸਾ ਪਾਇਆ ਹੈ। ਪਰ ਅਜੇ ਤਕ ਉਹ ਸਾਬਕਾ ਫੌਜੀ ਜੋ ਬੁੱਢੇ ਹੋ ਗਏ ਹਨ ਉਹ ਨਿਕਾਰਾ ਜਿਹੜੇ ਰੋਟੀ ਕਮਾਉਣ ਤੋਂ ਆਹਰੀ ਹਨ ਅਤੇ ਉਹ ਵਿਧਵਾਵਾਂ ਤੇ ਬੱਚੇ ਜਿਹਨਾਂ ਦਾ ਕੋਈ ਸਹਾਰਾ ਨਹੀਂ ਵਾਸਤੇ ਕੇਂਦਰੀ ਸਰਕਾਰ ਨੇ ਕੋਈ ਲੋੜੀਂਦਾ ਠਿਗਰ ਉਪਰਾਲਾ ਨਹੀਂ ਕੀਤਾ।

ਇਹੋ ਕਾਰਨ ਹੈ ਕਿ ਅੱਜ ਸਾਬਕਾ ਫੌਜੀ ਬਰਾਬਰ ਕੰਮ ਲਈ ਬਰਾਬਰ ਉਜਰਤ ਦੇ ਅਸੂਲ ਅਨੁਸਾਰ ਬਰਾਬਰ ਪੈਨਸ਼ਨ ਦੀ ਮੰਗ ਕਰਦੇ ਹਨ। 58 ਸਾਲ ਦੀ ਉਮਰ ਤਕ ਮੁਤਬਾਦਲ ਸਰਵਿਸ ਦੀ ਗਰੰਟੀ ਅਤੇ ਮੁੜ ਵਸੇਬੇ ਤੇ ਕਾਰੋਬਾਰ ਚਲਾਉਣ ਲਈ ਸਹੂਲਤਾਂ ਦੀ ਮੰਗ ਕਰਦੇ ਹਨ।

17 ਦਿਸੰਬਰ 1982 ਵਿਚ ਪੈਨਸ਼ਨਾਂ ਸਬੰਧੀ ਕੇਸ ਵਿਚ ਸੁਪਰੀਮ ਕੋਰਟ ਨੇ ਦਲੀਲ ਦਿਤੀ ਸੀ ਕਿ ਪੈਨਸ਼ਨਰ ਜਿਉਂ ਜਿਉਂ ਬੁਢਾਪੇ ਵਲ ਵਧੇਗਾ ਉਸਦੀ ਸਿਹਤ ਕਮਜੋਰ ਹੋਵੇਗੀ ਅਤੇ ਬਿਮਾਰੀਆਂ ਲਗਣਗੀਆਂ। ਉਹਨਾਂ ਨੂੰ ਵਧ ਸਹੂਲਤਾਂ ਦੀ ਜਰੂਰਤ ਹੈ ਇਸ ਲਈ ਬਰਾਬਰ ਕੰਮ ਬਰਾਬਰ ਉਜਰਤ ਦੇ ਨਿਯਮ ਅਨੁਸਾਰ ਪੁਰਾਣੇ ਪੈਨਸ਼ਨਰਾਂ ਨੂੰ ਵੀ ਨਵੇਂ ਪੈਨਸ਼ਨਰਾਂ ਦੇ ਬਰਾਬਰ ਪੈਨਸ਼ਨ ਦਿਤੀ ਜਾਵੇ। ਪਰ ਸਰਕਾਰ ਨੇ ਸੁਪਰੀਮ ਕੋਰਟ ਦੀ ਭਾਵਨਾ ਨੂੰ ਨਜ਼ਰ ਅੰਦਾਜ਼ ਕੀਤਾ ਅਤੇ ਸਾਬਕਾ ਫੌਜੀਆਂ ਦੀ ਪੈਨਸ਼ਨਾਂ ਵਿਚ ਪਾੜਾ ਮੌਜੂਦ ਰਖਦਿਆਂ ਹੋਇਆਂ ਬਰਾਬਰ ਰੈਂਕ ਬਰਾਬਰ ਸਰਵਿਸ ਦੇ ਲਿਹਾਜ਼ ਨਾਲ ਪੈਨਸ਼ਨ ਨਹੀਂ ਦਿਤੀ।

ਕੁਝ ਕੁ ਅਫਸਰਾਂ ਨੂੰ ਛੱਡ ਕੇ ਫੌਜ ਦੇ ਵਡੇ ਹਿਸੇ 40 ਸਾਲ ਦੀ ਉਮਰ ਤੋਂ ਵੀ ਘਟ ਉਮਰ ਵਿਚ ਪੈਨਸ਼ਨ ਆ ਜਾਂਦੇ ਹਨ ਕਿਉਂਕਿ ਫੌਜ ਨੂੰ ਜਵਾਨ ਰਖਣ ਲਈ ਨਿਸ਼ਚਿਤ ਸਾਲਾਂ ਦੀ ਸਰਵਿਸ ਤੋਂ ਬਾਦ ਰਿਟਾਇਰ ਕਰਨ ਦੇ ਨਿਯਮ ਬਣੇ ਹੋਏ ਹਨ। ਸੋ ਪੈਨਸ਼ਨ ਆਉਣ ਤੋਂ ਬਾਦ ਨੌਕਰੀ ਦੀ ਭਾਲ ਵਿਚ ਉਹਨਾਂ ਨੂੰ ਕਈ ਕਈ ਸਾਲ ਖੱਜਲ ਖੁਆਰ ਹੋਣਾ ਪੈਂਦਾ ਹੈ। ਅਤੇ ਕਈ ਨੌਕਰੀ ਦਵਾਊ ਠੇਕੇਦਾਰ ਕਿਸਮ ਦੀਆਂ ਅਜੈਂਸੀਆਂ ਉਹਨਾਂ ਦੀ ਲੁਟ ਕਰਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ 58 ਸਾਲ ਦੀ ਉਮਰ ਤਕ ਸਰਵਿਸ ਦੀ ਗਰੰਟੀ ਦੇਵੇ। ਅਰਥਾਤ ਉਹਨਾਂ ਨੂੰ ਬੀ.ਐਸ.ਐਫ., ਸੀ.ਆਰ.ਪੀ.ਐਫ. ਵਰਗੀਆਂ ਫੋਰਸਿਜ ਵਿਚ ਰਿਟਾਇਰ ਹੋਣ ਉਪਰੰਤ ਨੌਕਰੀ ਦਿਤੀ ਜਾਵੇ।ਅਤੇ ਜਿੰਨਾ ਚਿਰ ਤਕ ਨੌਕਰੀ ਨਹੀਂ ਮਿਲਦੀ ਉਹਨਾਂ ਚਿਰ ਤਕ ਉਹਨਾਂ ਨੂੰ ਲਈ ਹੋਈ ਆਖਰੀ ਤਨਖਾਹ ਪੈਨਸ਼ਨ ਦੇ ਰੂਪ ਵਿਚ ਮਿਲਦੀ ਰਹਿਣੀ ਚਾਹੀਦੀ ਹੈ।

ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਵਲੋਂ ਕਈ ਸਹੂਲਤਾਂ ਦਾ ਐਲਾਨ ਕੀਤਾ ਗਿਆ ਹੈ। ਅਮਲ ਵਿਚ ਉਹ ਨਾਮਾਤਰ ਹੀ ਹਨ। ਇਹਨਾਂ ਸਹੂਲਤਾਂ ਪਿਛੇ ਖੱਜਲ ਖੁਆਰ ਹੋਣ ਅਤੇ ਪੈਸੇ ਦੀ ਬਰਬਾਦੀ ਤੋਂ ਬਾਦ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਜੇ ਸਰਕਾਰ ਹਕੀਕੀ ਤੌਰ ਤੇ ਸਾਬਕਾ ਫੌਜੀਆਂ ਨੂੰ ਐਲਾਨੀਆਂ ਹੋਈਆਂ ਸਹੂਲਤਾਂ ਮੁਹਈਆ ਕਰਨਾ ਚਾਹੁੰਦੀ ਹੈ ਤਾਂ ਇਹਨਾਂ ਨੂੰ ਲਾਗੂ ਕਰਨ ਲਈ ਲੋੜੀਂਦੀਆਂ ਕਾਨੂੰਨੀ ਤਾਕਤਾਂ ਨਾਲ ਲੈਸ ਅਦਾਰਾ ਬਣਾਇਆ ਜਾਵੇ।

ਇਕ ਮੰਗ ਇਹ ਵੀ ਜੋਰ ਨਾਲ ਉਠ ਰਹੀ ਹੈ ਕਿ ਸਰਕਾਰ ਨੇ ਸਾਬਕਾ ਫੌਜੀ ਅਤੇ ਉਸਦੇ ਪਰਵਾਰ ਨੂੰ ਇਲਾਜ ਦੀ ਮੁਫਤ ਸਹੂਲਤ ਦਿਤੀ ਹੋਈ ਹੈ ਪਰ ਕਿਉਂਕਿ ਫੌਜੀ ਹਸਪਤਾਲ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿਚ ਨਹੀਂ ਹਨ ਅਤੇ ਕੁਝ ਕੁ ਵਡੇ ਸ਼ਹਿਰਾਂ ਤਕ ਹੀ ਸੀਮਤ ਹਨ ਇਸ ਲਈ ਸਾਬਕਾ ਫੌਜੀਆਂ ਨੂੰ ਇਸ ਸਹੂਲਤ ਦਾ ਲਾਭ ਮੌਕੇ ਤੇ ਉਠਾਉਣ ਔਖਾ ਹੈ ਅਤੇ ਖਰਚ ਵਧ ਹੁੰਦਾ ਹੈ। ਜੇ ਸਰਕਾਰ ਸਚੇ ਦਿਲੋਂ ਇਹ ਸਹੂਲਤ ਦੇਣੀ ਚਾਹੁੰਦੀ ਹੈ ਤਾਂ ਉਹ ਸਾਬਕਾ ਫੌਜੀਆਂ ਤੇ ਉਸਦੇ ਪਰਵਾਰ ਦੇ ਮੈਡੀਕਲ ਬਿਲ ਪਾਸ ਕਰੇ।

ਸਾਬਕਾ ਫੌਜੀਆਂ ਨੂੰ ਸਹੂਲਤਾਂ ਪਰਦਾਨ ਕਰਨ ਵਾਸਤੇ ਭਲਾਈ ਬੋਰਡ ਕਾਰਪੋਰੇਸ਼ਨ ਅਤੇ ਹੋਰ ਅਦਾਰੇ ਬਣੇ ਹੋਏ ਹਨ। ਪਰ ਇਹਨਾਂ ਤੋਂ ਸਾਬਕਾ ਫੌਜੀਆਂ ਨੂੰ ਲੋੜੀਂਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਕਿਉਂਕਿ ਇਹਨਾਂ ਦੇ ਅਧਿਕਾਰੀਆਂ ਨੂੰ ਗਰੀਬ ਸਾਬਕਾ ਫੌਜੀਆਂ ਦੀਆਂ ਸਮਸਿਆਵਾਂ ਦਾ ਅਹਿਸਾਸ ਨਹੀਂ ਹੁੰਦਾ। ਇਸ ਲਈ ਥਾਂ ਥਾਂ ਤੇ ਇਹ ਮੰਗ ਉਠ ਰਹੀ ਹੈ ਕਿ ਇਹਨਾਂ ਵਿਚ ਸਾਬਕਾ ਫੌਜੀਆਂ ਦੇ ਚੁਣੇ ਹੋਏ ਨੁਮਾਇੰਦੇ ਸ਼ਾਮਲ ਕੀਤੇ ਜਾਣ। ਇਸ ਤਰਾਂ ਇਹਨਾਂ ਅਦਾਰਿਆਂ ਦਾ ਜਮਹੂਰੀਕਰਨ ਵੀ ਹੋਵੇਗਾ।

ਸਾਬਕਾ ਫੌਜੀਆਂ ਨੂੰ ਮਿਲਦੀ ਥੋੜ੍ਹੀ ਪੈਨਸ਼ਨ ਨਾਲ ਨਿਤ ਵਧਦੀ ਮਹਿੰਗਾਈ ਦੀ ਹਾਲਤ ਵਿਚ ਗੁਜ਼ਾਰਾ ਮੁਸ਼ਕਲ ਹੈ। ਸਾਬਕਾ ਫੌਜੀ ਮਹਿਸੂਸ ਕਰਦੇ ਹਨ ਕਿ ਨਿਤ ਵਧਦੀ ਮਹਿੰਗਾਈ ਦੀ ਮਾਰ ਤੋਂ ਬਚਾਉਣ ਲਈ ਸੀ. ਐਸ. ਡੀ. ਕੰਟੀਨਾਂ ਦਾ ਪਸਾਰ ਸ਼ਹਿਰਾਂ ਤੇ ਕਸਬਿਆਂ ਤਕ ਕੀਤਾ ਜਾਵੇ। ਅਤੇ ਉਨ੍ਹਾਂ ਤੋਂ ਸਬਸਿਡੀ ਰੇਟ ਤੇ ਨਿਤ ਵਰਤੋਂ ਦੀਆਂ ਚੀਜ਼ਾਂ ਸਪਲਾਈ ਕੀਤੀਆਂ ਜਾਣ। ਅਤੇ ਉਹਨਾਂ ਦੇ ਪ੍ਰਬੰਧ ਲਈ ਸਾਬਕਾ ਫੌਜੀਆਂ ਦੇ ਚੁਣੇ ਹੋਏ ਨੁਮਾਇੰਦੇ ਸ਼ਾਮਲ ਕੀਤੇ ਜਾਣ।

ਇਸ ਤੋਂ ਇਲਾਵਾ ਉਹਨਾਂ ਦੀ ਇਹ ਮੰਗ ਵੀ ਜਾਇਜ਼ ਹੈ ਕਿ ਸਾਬਕਾ ਫੌਜੀਆਂ ਦੇ ਹੋਣਹਾਰ ਬਚਿਆਂ ਨੂੰ ਉਪਰ ਚੁਕਣ ਲਈ ਜ਼ਿਲਾ ਸੈਨਿਕ ਵੈਲਫੇਅਰ ਬੋਰਡ ਤੇ ਐਕਸ ਸਰਵਿਸਮੈਨ ਕਾਰਪੋਰੇਸ਼ਨ ਇਕ ਅਕਾਡਮੀ ਸਥਾਪਤ ਕਰਨ। ਜਿਥੇ 6 ਮਹੀਨੇ ਦੀ ਕੋਚਿੰਗ ਲਈ ਮੁਫਤ ਫੀਸ, ਖਾਣਾ ਅਤੇ ਰਿਹਾਇਸ਼ ਦਾ ਪਰਬੰਧ ਹੋਵੇ। ਤਾਕਿ ਹੋਣਹਾਰ ਬਚੇ ਆਈ. ਏ. ਐਸ., ਐਨ.ਡੀ.ਏ., ਸੀ.ਡੀ.ਐਸ., ਐਲ.ਆਈ.ਸੀ. ਆਦਿ ਦੇ ਇਮਤਿਹਾਨ ਪਾਸ ਕਰ ਸਕਣ।

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉੱਪਰ ਹੈ
ਇਨਸਾਨ ਬਣੋ

# ਕੀ ਪੰਜਾਬ ਸਮੱਸਿਆ ਦਾ ਕੋਈ ਹੱਲ ਨਹੀਂ ?

*–ਹਰਕਿਸ਼ਨ ਸਿੰਘ ਸੁਰਜੀਤ*

ਜਿਥੇ ਕਿਤੇ ਵੀ ਕੋਈ ਜਾਂਦਾ ਹੈ ਤਾਂ ਜਿਹੜਾ ਪਹਿਲਾ ਸੁਆਲ ਪੁਛਿਆ ਜਾਂਦਾ ਹੈ, ਉਹ ਇਹ ਹੈ : ਪੰਜਾਬ ਵਿਚ ਕੀ ਹੋਣ ਵਾਲਾ ? ਕੀ ਹੋ ਰਹੇ ਕਤਲੇਆਮ ਦਾ ਕਿਤੇ ਅੰਤ ਵੀ ਹੋਵੇਗਾ ? ਦਹਿਸ਼ਤਗਰਦੀ ਦਾ ਖਾਤਮਾ ਕਰਨ ਵਿਚ ਸਰਕਾਰ ਨੂੰ ਕਿੰਨਾਂ ਸਮਾਂ ਲੱਗੇਗਾ ਜਾਂ ਕੀ ਪੰਜਾਬ ਵਿਚ ਦਹਿਸ਼ਤਗਰਦੀ ਦੀ ਸਮਸਿਆ ਇਕ ਲੰਬੇ ਸਮੇਂ ਤਕ ਜਾਰੀ ਰਹੇਗੀ ਜਿਵੇਂ ਕਿ ਵਿਸ਼ਵ ਦੇ ਕੁਝ ਹਿਸਿਆਂ ਵਿਚ ਹੋ ਰਿਹਾ ਹੈ ? ਕੀ ਬਰਨਾਲਾ ਸਰਕਾਰ ਨੂੰ ਡਿਸਮਿਸ ਕਰਨ ਪਿਛੋਂ ਸਥਿਤੀ ਸੁਖਾਵੀਂ ਬਣੀ ਹੈ ? ਕੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਦਾਅਵੇ ਅਸਲ ਸਥਿਤੀ ਨਾਲ ਮੇਲ ਖਾਂਦੇ ਹਨ ? ਕੀ ਪੰਜਾਬ ਸਮਸਿਆ ਦਾ ਕੋਈ ਹੱਲ ਹੈ ? ਰਾਸ਼ਟਰੀ ਪਾਰਟੀਆਂ ਇਸ ਸਮਸਿਆ, ਜਿਸ ਤੋਂ ਕੇ ਦੇਸ਼ ਦੀ ਏਕਤਾ ਨੂੰ ਖਤਰਾ ਹੈ ਦੇ ਹੱਲ ਦੀ ਮੰਗ ਬਾਰੇ ਚੁੱਪ ਕਿਉਂ ਹਨ ?

## ਆਮ ਲੋਕਾਂ ਨਾਲ ਸੰਪਰਕ ਟੁੱਟ ਗਿਆ

ਮੁਸ਼ਕਲ ਨਾਲ ਹੀ ਕੋਈ ਦਿਨ ਲੰਘਦਾ ਹੈ ਜਦੋਂ ਦਹਿਸ਼ਤਗਰਦਾਂ ਹੱਥੋਂ ਬੇਦੋਸ਼ੇ ਲੋਕਾਂ ਨੂੰ ਕਤਲ ਕਰਨ ਦੀਆਂ ਸੁਰਖੀਆਂ ਅਖਬਾਰਾਂ ਵਿਚ ਨਹੀਂ ਲਗੀਆਂ ਹੁੰਦੀਆਂ । ਲੋਕੀਂ ਵੀ ਹੁਣ ਇਸ ਦੇ ਆਦੀ ਬਣ ਗਏ ਹਨ ਜਿਵੇਂ ਇਹ ਦਹਿਸ਼ਤ ਉਹਨਾਂ ਦੇ ਆਮ ਜੀਵਨ ਦਾ ਇਕ ਅੰਗ ਹੀ ਬਣ ਗਈ ਹੋਵੇ । ਬਰਨਾਲਾ ਸਰਕਾਰ ਨੂੰ ਇਹ ਦਲੀਲ ਦੇ ਕੇ ਡਿਸਮਿਸ ਕਰ ਦਿਤਾ ਗਿਆ ਕਿ ਇਕ ਮਹੀਨੇ ਵਿਚ ਹੀ 79 ਮੌਤਾਂ ਹੋਈਆਂ ਅਤੇ ਸਰਕਾਰ ਸਥਿਤੀ ਨੂੰ ਕੰਟਰੋਲ ਕਰਨ ਵਿਚ ਬੁਰੀ ਤਰਾਂ ਅਸਫਲ ਰਹੀ ਹੈ ।

ਪਰ ਇਸ ਪਿਛੋਂ ਵਾਪਰੀਆਂ ਘਟਨਾਵਾਂ ਤੋਂ ਇਹ ਪੂਰੀ ਤਰਾਂ ਸਿੱਧ ਹੁੰਦਾ ਹੈ ਕਿ ਰਾਸ਼ਟਰਪਤੀ ਰਾਜ ਅਧੀਨ ਸਥਿਤੀ ਹੋਰ ਜ਼ਿਆਦਾ ਖਰਾਬ ਹੋਈ ਹੈ । ਕਤਲੇਆਮ ਦੀਆਂ ਘਟਨਾਵਾਂ ਵਿਚ ਕਈ ਗੁਣਾ ਵਾਧਾ ਹੋਇਆ ਹੈ ਅਤੇ ਦਹਿਸ਼ਤਗਰਦੀ ਦੀਆਂ ਘਟਨਾਵਾਂ ਵਿਚ ਮਾਰੇ ਜਾਣ ਵਾਲੇ ਬੇਦੋਸ਼ੇ ਲੋਕਾਂ ਦੀ ਗਿਣਤੀ ਹਜ਼ਾਰਾਂ ਤਕ ਪੁੱਜ ਗਈ ਹੈ ਅਤੇ ਇਹ ਵੀ ਇਸ ਤੱਥ ਦੇ ਬਾਵਜੂਦ ਕਿ ਬਹੁਤ ਸਾਰੇ ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਕੁਝ ਉੱਚ ਕੋਟੀ ਦੇ ਦਹਿਸ਼ਤਗਰਦ ਜਿਵੇਂ ਕਿ ਸੁੱਖਾ ਸਿਪਾਹੀ ਅਤੇ ਬ੍ਰਹਮਾ ਮਾਰੇ ਗਏ ਹਨ । ਅਸਲ ਵਿਚ ਬਰਨਾਲਾ ਸਰਕਾਰ ਭੰਗ ਕਰਕੇ ਕੇਂਦਰ ਸਰਕਾਰ ਨੇ ਸਿੱਖ ਆਮ ਲੋਕਾਂ ਨਾਲ ਜਿਹੜਾ ਮਾੜਾ ਮੋਟਾ ਸੰਪਰਕ ਬਣਿਆ ਹੋਇਆ ਸੀ, ਉਹ ਵੀ ਤੋੜ ਦਿਤਾ ।

ਇਸ ਦੇ ਫਲਸਰੂਪ ਦਹਿਸ਼ਤਗਰਦ ਇਕ ਵਾਰ ਫਿਰ ਹਰਮੰਦਰ ਸਾਹਿਬ ਸਮੂਹ ਅੰਦਰ ਹਥਿਆਰ ਇਕੱਠੇ ਕਰਨ ਦੇ ਯੋਗ ਹੋ ਗਏ ਅਤੇ ਉਹਨਾਂ ਨੀਲਾ ਤਾਰਾ ਕਾਰਵਾਈ ਤੋਂ ਪਹਿਲਾਂ ਵਾਂਗ ਹੀ ਇਸਨੂੰ ਇਕ ਵਾਰ ਫਿਰ ਕਿਲ੍ਹੇ ਦਾ ਰੂਪ ਦੇ ਦਿਤਾ । ਉਹ ਹਰਮੰਦਰ ਸਾਹਿਬ ਕੰਪਲੈਕਸ ਦੇ ਅਹਾਤੇ ਅੰਦਰੋਂ ਧਮਕੀਆਂ ਭਰੇ ਖਤ ਲਿਖ ਰਹੇ ਸਨ, ਧਨ ਬਟੋਰ ਰਹੇ ਸਨ ਬੇਦੋਸ਼ੇ ਲੋਕਾਂ, ਆਪਣੇ ਰਾਜਨੀਤਕ ਵਿਰੋਧੀਆਂ ਤੇ ਏਥੋਂ ਤਕ ਯਾਤਰੂਆਂ ਨੂੰ ਕਤਲ ਕਰਨ ਲਈ ਵਖ ਵਖ ਦਹਿਸ਼ਤਗਰਦ ਟੋਲਿਆਂ ਦੀ ਰਹਿਨੁਮਾਈ ਕਰ ਰਹੇ ਸਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਅਕਾਲ ਤਖਤ ਦੇ ਮਲਬੇ ਹੇਠ ਦੱਬ ਰਹੇ ਸਨ । ਉਹਨਾਂ ਵਲੋਂ ਇਹ ਸਾਰੇ ਵਹਿਸ਼ੀ ਕਾਰੇ ਬਿਨਾਂ ਕਿਸੇ ਪਰਕਾਰ ਦੀ ਰੋਕ ਦੇ ਕੀਤੇ ਜਾ ਰਹੇ ਸਨ । ਏਥੋਂ ਤਕ ਕਿ ਮੁੱਖ ਗ੍ਰੰਥੀ ਜਿਹਨਾਂ ਦੀ ਅਥਾਰਟੀ ਨੂੰ ਕਿ ਸਿੱਖ ਪੰਥ ਵਿਚੋਂ ਕਿਸੇ ਵੀ ਵਿਅਕਤੀ ਨੂੰ ਛੇਕਣ ਲਈ ਵਰਤਿਆ ਜਾਂਦਾ ਸੀ, ਵੀ ਆਪਣੇ ਆਹੁਦੇ ਤੇ ਟਿਕਣ ਤੋਂ ਡਰਦੇ ਸਨ । ਅਕਾਲ ਤਖਤ ਦਾ ਜਥੇਦਾਰ ਦਰਸ਼ਨ ਸਿੰਘ ਰਾਗੀ ਜਿਸ ਦਾ ਕਿ ਸੰਯੁਕਤ ਅਕਾਲੀ ਦਲ ਬਣਾਉਣ ਵਿਚ ਮੁੱਖ ਹੱਥ ਸੀ ਅਤੇ ਜਿਸ ਨੇ ਬਰਨਾਲੇ ਨੂੰ ਸਿੱਖ ਬਰਾਦਰੀ ਵਿਚੋਂ ਛੇਕਿਆ ਸੀ, ਨੂੰ ਅਸਤੀਫਾ ਦੇਣਾ ਪਿਆ ਤੇ ਰਿਟਾਇਰ ਹੋਣਾ ਪਿਆ ਅਤੇ ਉਸ ਦੀ ਥਾਂ ਜੀਰਾਪੁਰ ਜਥੇਦਾਰ ਬਣ ਗਿਆ । ਇਸ ਪਿਛੋਂ ਜਸਬੀਰ ਸਿੰਘ ਰੋਡੇ ਜਿਹੜਾ ਕਿ ਦਹਿਸ਼ਤਗਰਦਾਂ ਦੇ ਇਕ ਵਰਗ ਦੀ ਨੁਮਾਇੰਦਗੀ ਕਰਦਾ ਸੀ ਅਤੇ ਜਿਸ ਨੂੰ ਕੇਂਦਰ ਸਰਕਾਰ ਦਾ ਅਸ਼ੀਰਵਾਦ ਪ੍ਰਾਪਤ ਸੀ, ਅਕਾਲ ਤਖਤ ਦਾ ਜਥੇਦਾਰ ਬਣ ਗਿਆ । ਕਾਲੀਗਰਜ ਕਾਰਵਾਈ ਉਸ


**WHEATON**

**PONTIAC BUICK GMC LTD.**

ਨਵੀਂਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ

GM Canada



Bus. 526-2781

Res. 524-4137

Pager 687-7711 #7610

325 - 12th St., New Westminster, B.C.

ਕੁਲਦੀਪ ਸਿੰਘ ਝੰਡ

ਸਮੇਂ ਕੀਤੀ ਗਈ ਜਦੋਂ ਡੀ. ਆਈ. ਜੀ. ਸਰਬਦੀਪ ਸਿੰਘ ਉਤੇ ਹਮਲੇ ਪਿੱਛੋਂ ਅੱਤਵਾਦੀਆਂ ਅਤੇ ਸੁਰੱਖਿਆ ਦਸਤਿਆਂ ਵਿਚਕਾਰ ਅਚਾਨਕ ਝੜਪ ਹੋ ਗਈ।

ਇਹ ਇਕ ਬਹੁਤ ਹੀ ਸਫਲ ਕਾਰਵਾਈ ਸੀ। ਅਧਿਕਾਰੀ ਪੂਰੀ ਤਰਾਂ ਸੁਚੇਤ ਸਨ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਪੂਰਾ ਪੂਰਾ ਸਤਿਕਾਰ ਕੀਤਾ ਜਾਵੇ। ਇਸ ਦੇ ਨਾਲ ਹੀ ਕਿਸੇ ਵੀ ਅੱਤਵਾਦੀ ਨੂੰ ਬਚ ਨਿਕਲਣ ਦੀ ਆਗਿਆ ਨਹੀਂ ਦਿੱਤੀ ਗਈ। ਹਥਿਆਰ-ਬੰਦ ਫੌਜਾਂ ਨੇ ਇਸ ਦਾ ਇਕ ਅਜਿਹੇ ਢੰਗ ਨਾਲ ਪ੍ਰਬੰਧ ਕੀਤਾ ਕਿ ਖੌਫਨਾਕ ਤੋਂ ਖੌਫਨਾਕ ਅੱਤਵਾਦੀ ਵੀ ਪੂਰੀ ਤਰਾਂ ਨੰਗੇ ਹੋ ਗਏ। ਜਦੋਂ ਨਾਕਾਬੰਦੀ ਕੁਝ ਦਿਨ ਜਾਰੀ ਰਹੀ ਤਾਂ ਦਹਿਸ਼ਤਗਰਦ ਦਰਬਾਰ ਸਾਹਿਬ ਅੰਦਰ ਜਾ ਵੜੇ ਤਾਂ ਜੋ ਉਹ ਸਰਕਾਰ ਨੂੰ ਦਰਬਾਰ ਸਾਹਿਬ ਉਤੇ ਹਮਲਾ ਕਰਨ ਲਈ ਭੜਕਾਹਟ ਵਿਚ ਲਿਆ ਸਕਣ ਤਾਂ ਜੋ ਸਿੱਖ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਸਕਣ। ਪਰ ਸੁਰੱਖਿਆ ਬਲ ਸਥਿਤੀ ਨਾਲ ਬਹੁਤ ਹੀ ਵਧੀਆ ਢੰਗ ਨਾਲ ਨਿਪਟੇ ਅਤੇ ਉਨਾਂ ਲੋਕਾਂ ਦੀਆਂ ਅੱਖਾਂ ਵਿਚ ਦਹਿਸ਼ਤਗਰਦਾਂ ਨੂੰ ਬੁਰੀ ਤਰਾਂ ਗਿਰਾ ਦਿਤਾ। ਦਹਿਸ਼ਤਗਰਦਾਂ ਨੇ ਦਰਬਾਰ ਸਾਹਿਬ ਨੂੰ ਪੂਰੀ ਤਰਾਂ ਅਪਵਿੱਤਰ ਕਰ ਦਿਤਾ ਅਤੇ ਜਿਦੋਂ ਉਨ੍ਹਾਂ ਹਥਿਆਰ ਸੁੱਟੇ ਉਹ ਆਪਣੇ ਪਿੱਛੇ ਬਦਬੂ ਛੱਡ ਗਏ। ਰਾਤ ਦਿਨ ਪ੍ਰੈਸ ਵਲੋਂ ਦਰਬਾਰ ਸਾਹਿਬ ਸਮੂਹ ਬਾਰੇ ਖਬਰਾਂ ਦੇਣ ਤੇ ਰਿਪੋਰਟਾਂ ਭੇਜਣ ਕਾਰਨ ਇਨ੍ਹਾਂ ਦਹਿਸ਼ਤਗਰਦਾਂ ਦਾ ਅਸਲ ਚੇਹਰਾ ਮੁਹਰਾ ਨੰਗਾ ਹੋ ਗਿਆ।

## ਦਹਿਸ਼ਤਗਰਦਾਂ ਦਾ ਸਟੈਂਡ ਨਿਖੜ ਗਿਆ

ਇਸ ਤਰਾਂ ਕਾਲੀਗਰਜ ਕਾਰਵਾਈ ਨੇ ਸਿੱਖਾਂ ਦੇ ਮਨਾਂ ਵਿਚ ਦਹਿਸ਼ਤਗਰਦਾਂ ਅਤੇ ਐਸ. ਜੀ. ਪੀ. ਸੀ. ਵਿਰੁੱਧ ਨਫਰਤ ਦੀ ਲਹਿਰ ਪੈਦਾ ਕਰ ਦਿਤੀ ਜਿਹੜੀ ਕਿ ਦਰਬਾਰ ਸਾਹਿਬ ਦਹਿਸ਼ਤਗਰਦਾਂ ਹਵਾਲੇ

**ਇਹ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸੰਯੁਕਤ ਅਕਾਲੀ ਦਲ ਅਕਾਲਤਖਤ ਦੇ ਜਥੇਦਾਰ ਦੇ ਅਧਿਕਾਰ ਨੂੰ ਵਰਤਕੇ ਬਣਾਇਆ ਗਿਆ ਸੀ ਜਿਸ ਵਿਚ ਵੱਖ ਵੱਖ ਅਕਾਲੀ ਗਰੁੱਪ ਸ਼ਾਮਲ ਹਨ ਜਿਹਨਾਂ ਵਿਚ ਅੱਤਵਾਦੀ ਵੀ ਸ਼ਾਮਲ ਹਨ। ਇਹ ਸਿਰਫ ਬਰਨਾਲਾ ਅਕਾਲੀ ਦਲ ਹੀ ਸੀ ਜਿਸ ਨੇ ਕਿ ਇਸ ਮਾਮਲੇ ਵਿਚ ਗੋਡੇ ਟੇਕਣ ਤੋਂ ਇਨਕਾਰ ਕਰ ਦਿਤਾ, ਜਿਸ ਕਾਰਨ ਬਰਨਾਲੇ ਨੂੰ ਸਿੱਖ ਬਰਾਦਰੀ ਵਿਚੋਂ ਛੇਕ ਦਿਤਾ ਗਿਆ.........।**

ਰੂਪ ਵਿਚ ਸਾਬਤ ਹੋ ਗਿਆ।

ਦਹਿਸ਼ਤਗਰਦ ਲੋਕਾਂ ਨਾਲੋਂ ਇਸ ਹੱਦ ਤੱਕ ਨਿਖੜ ਗਏ ਕਿ ਜਦੋਂ ਬਾਦਲ, ਟੌਹੜਾ ਅਤੇ ਉਨਾਂ ਵਰਗੇ ਹੀ ਦੂਸਰੇ ਲੀਡਰਾਂ ਨੇ ਮਰਿਆਦਾ ਦਾ ਮਾਮਲਾ ਉਠਾਉਣ ਦਾ ਯਤਨ ਕੀਤਾ ਅਤੇ ਦਰਬਾਰ ਸਾਹਿਬ ਵੱਲ ਕੂਚ ਦਾ ਐਲਾਨ ਕੀਤਾ ਤਾਂ ਉਨ੍ਹਾਂ ਦੇ ਇਸ ਸੱਦੇ ਨੂੰ ਲੋਕਾਂ ਵਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਦੂਸਰਾ, ਜਦੋਂ ਕੇਂਦਰ ਸਰਕਾਰ ਨੇ ਧਾਰਮਿਕ ਥਾਵਾਂ ਅੰਦਰ ਹਥਿਆਰ ਲੈਜਾਣ ਉਤੇ ਪਾਬੰਦੀ ਲਗਾਉਂਦਾ ਆਰਡੀਨੈਂਸ ਜਾਰੀ ਕੀਤਾ ਤੇ ਅਜਿਹੀਆਂ ਹੀ ਦੂਸਰੀਆਂ ਰੋਕਾਂ ਲਗਾਈਆਂ ਤਾਂ ਲੋਕਾਂ ਨੇ ਕਿਸੇ ਪ੍ਰਕਾਰ ਦਾ ਕੋਈ ਰੋਸ ਨਹੀਂ ਕੀਤਾ। ਤੀਸਰਾ, ਕਿਉਂਕਿ ਕਾਲੀ-ਗਰਜ ਕਾਰਵਾਈ ਪਿੱਛੋਂ ਦਰਬਾਰ ਸਾਹਿਬ ਐਸ. ਜੀ. ਪੀ. ਸੀ. ਦੇ ਹਵਾਲੇ ਨਹੀਂ ਕੀਤਾ ਗਿਆ, ਇਸ ਲਈ ਐਸ. ਜੀ. ਪੀ. ਸੀ. ਨੂੰ ਸਿਰਫ ਮਤੇ ਪਾਸ ਕਰਕੇ ਹੀ ਆਪਣੇ ਆਪਨੂੰ ਸੰਤੁਸ਼ਟ ਕਰਨਾ ਪਿਆ।

ਇਹ ਦਹਿਸ਼ਤਗਰਦਾਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਅਤੇ ਉਨਾਂ ਨੂੰ ਉਨਾਂ ਦੀਆਂ ਵਹਿਸ਼ੀ ਯੋਜਨਾਵਾਂ ਸਮੇਤ ਕਰਾਰੀ ਹਾਰ ਦੇਣ ਲਈ ਇਕ ਬਹੁਤ ਹੀ ਢੁੱਕਵਾਂ ਸਮਾਂ ਸੀ। ਪਰ ਅਜਿਹਾ ਤਾਂ ਹੀ ਕੀਤਾ ਜਾ ਸਕਦਾ ਸੀ ਜੇਕਰ ਸਰਕਾਰ ਕੋਲ ਰਾਜਨੀਤਕ ਪਹਿਲਕਦਮੀ ਕਰਨ ਦੀ ਦੂਰਦਰਸ਼ਤਾ ਅਤੇ ਅਕਲ ਹੁੰਦੀ ਅਤੇ ਸਿਰਫ ਇਸ ਨਾਲ ਹੀ ਪੰਜਾਬ ਸਮਸਿਆ ਨੂੰ ਹੱਲ ਕਰਨ ਵਿਚ ਸਰਕਾਰ ਦੀ ਤਰਫੋਂ ਗੰਭੀਰਤਾ ਬਾਰੇ ਲੋਕਾਂ ਦੇ ਮਨਾਂ 'ਚ ਵਿਸ਼ਵਾਸ਼ ਪੈਦਾ ਕੀਤਾ ਜਾ ਸਕਦਾ ਸੀ।

## ਸਰਕਾਰ ਦੀ ਅਸਫਲਤਾ

ਪਰ ਸਰਕਾਰ ਇਸ ਮਾਮਲੇ ਵਿਚ ਇਕ ਵਾਰ ਫਿਰ ਅਸਫਲ ਰਹੀ ਜਿਵੇਂ ਕਿ ਇਹ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸਮਝੌਤਾ ਕਰਨ ਪਿਛੋਂ ਅਸਫਲ ਰਹੀ ਸੀ। ਭਾਵੇਂ ਕਿ ਲੋਕਾਂ ਨੇ ਵਿਸ਼ਾਲ ਰੂਪ ਵਿਚ ਇਸ ਸਮਝੌਤੇ ਦਾ ਹੁੰਗਾਰਾ ਭਰਿਆ ਸੀ ਅਤੇ ਇਸਦੀ ਹਮਾ-ਇਤ ਕੀਤੀ ਸੀ, ਅਤੇ ਲੋਕਾਂ ਨੇ ਇਸੇ ਕਰਕੇ ਹੀ ਸੂਬੇ ਦੀ ਵਿਧਾਨ ਸਭਾ ਲਈ ਅਕਾਲੀ ਪਾਰਟੀ ਨੂੰ ਭਾਰੀ ਬਹੁ-ਮਤ ਨਾਲ ਜਤਾਇਆ ਸੀ। ਪਰ ਫਿਰ ਇਹ ਕੇਂਦਰ ਸਰਕਾਰ ਸੀ ਜਿਸ ਨੇ ਕਿ ਲੋਕਾਂ ਦੀਆਂ ਆਸ਼ਾਵਾਂ ਉਤੇ ਪਾਣੀ ਫੇਰ ਦਿੱਤਾ। ਹੁਣ ਫਿਰ ਸਰਕਾਰ ਦਹਿਸ਼ਤਗਰਦਾਂ ਵਿਰੁੱਧ ਲੋਕਾਂ ਦੇ ਗੁਸੇ ਨੂੰ ਵਰਤਣ ਵਿਚ ਅਸਫਲ ਰਹਿ ਰਹੀ ਹੈ ਅਤੇ ਹੋਰ ਜ਼ਿਆਦਾ ਪ੍ਰਸਾ-ਸਕੀ ਕਦਮਾਂ ਉਤੇ ਨਿਰਭਰ ਰਹਿ ਰਹੀ ਹੈ। ਪਿਛਲੇ ਪੰਜ ਸਾਲਾਂ ਤੋਂ ਇਹ ਕਦਮ ਕੋਈ ਚੰਗਾ ਸਿੱਟਾ ਕਢਣ ਵਿਚ ਬੁਰੀ ਤਰਾਂ ਅਸਫਲ ਰਹੇ ਹਨ। ਪੰਜਾਬ ਦਾ ਗਵਰ-ਨਰ ਬਾਰ ਬਾਰ ਇਹ ਦਾਅਵੇ ਕਰ ਰਿਹਾ ਹੈ ਕਿ ਪੰਜਾਬ ਸਮਸਿਆ ਦਾ ਹੱਲ ਦਿਖਾਈ ਦੇ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਕਿਸੇ 'ਯੋਗ ਸਮੇਂ' ਤੇ ਰਾਜਨੀਤਕ ਹੱਲ ਬਾਰੇ ਐਲਾਨ ਕਰਨ ਜਾ ਰਿਹਾ ਹੈ। ਪਰ ਅਜਿਹੀ ਯੋਗ ਘੜੀ ਕਦੋਂ ਆਵੇਗੀ ਇਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ।

## ਵਰਤਮਾਨ ਸਥਿਤੀ

ਇਸ ਸਭ ਕਾਸੇ ਨੂੰ ਮੁੱਖ ਰਖਦਿਆਂ ਵਰਤਮਾਨ ਸਥਿਤੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਸੰਖੇਪ ਕੀਤਾ ਜਾ ਸਕਦਾ ਹੈ : ਜਦੋਂ ਕਿ ਅੱਜ ਦਹਿਸ਼ਤਗਰਦ ਲੋਕਾਂ ਨਾਲੋਂ ਬੁਰੀ ਤਰਾਂ ਨਿਖੜੇ ਹੋਏ ਹਨ ਅਤੇ ਵੱਖ-ਵੱਖ ਕਾਰਨਾਂ-ਬਹਾਨਿਆਂ ਨਾਲ ਲੋਕਾਂ ਨੂੰ ਕਤਲ ਕਰਨ, ਧਨ ਬਟੋਰਨ, ਔਰਤਾਂ ਨਾਲ ਬਲਾਤਕਾਰ, ਜਿਹੜੀਆਂ ਕਰਤੂਤਾਂ ਕਿ ਕਾਲੀਗਰਜ ਕਾਰਵਾਈ ਦੌਰਾਨ ਨੰਗੀਆਂ ਕਰ ਦਿਤੀਆਂ ਗਈਆਂ ਸਨ—ਕਰਕੇ ਲੋਕਾਂ ਦੇ ਮਨਾਂ ਵਿਚ ਉਹਨਾਂ ਪ੍ਰਤੀ ਬਹੁਤ ਜ਼ਿਆਦਾ ਨਫਰਤ ਪੈਦਾ ਹੋਈ ਹੈ ਅਤੇ ਲੋਕਾਂ ਦੇ ਮਨਾਂ ਵਿਚ ਸਰਕਾਰ ਵਿਰੁੱਧ ਵੀ ਗੁੱਸਾ ਭਰਿਆ ਹੋਇਆ ਹੈ ਕਿ ਇਹ ਸਿੱਖਾਂ ਤੇ ਪੰਜਾਬ ਨਾਲ ਇਨਸਾਫ ਕਰਨ ਤੋਂ ਲਗਾਤਾਰ ਇਨਕਾਰ ਕਰਦੀ ਆ ਰਹੀ ਹੈ। ਉਹ ਇਹਨਾਂ ਮੰਗਾਂ ਉਤੇ ਵਿਸ਼ੇਸ਼ ਤੌਰ ਤੇ ਜ਼ੋਰ ਦਿੰਦੇ ਹਨ ਜਿਵੇਂ ਜੋਧਪੁਰ ਦੇ ਨਜ਼ਰ-ਬੰਦਾਂ ਨੂੰ ਰਿਹਾਅ ਕੀਤਾ ਜਾਵੇ, ਦਿੱਲੀ ਦੰਗਿਆਂ ਦੇ ਦੋਸ਼ੀਆਂ ਉਤੇ ਮੁਕਦਮੇ ਚਲਾਏ ਜਾਣ, ਅਤੇ ਪੰਜਾਬ ਸਮਝੌਤੇ ਨੂੰ ਲਾਗੂ ਕੀਤਾ ਜਾਵੇ।

ਲਗਪਗ ਤਿੰਨ ਮਹੀਨੇ ਪਹਿਲਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਸ੍ਰੀ ਪੀ. ਚਿੰਦ ਬਰਮ ਨੇ ਸੂਬੇ ਵਿਚਲੀ ਸਥਿਤੀ ਦਾ ਅਧਿਐਨ ਕਰਨ ਲਈ ਕਈ ਦਿਨ ਸੂਬੇ ਵਿਚ ਬਿਤਾਏ ਅਤੇ ਉਹਨਾਂ ਵੱਖ-ਵੱਖ ਥਾਵਾਂ ਤੇ ਜ਼ਿਲਾ ਅਤੇ ਸੂਬਾ ਅਧਿਕਾਰੀਆਂ ਨਾਲ ਕਾਨਫਰੰਸਾਂ ਕੀਤੀਆਂ, ਉਸ ਨੂੰ ਸਾਰਿਆਂ ਨੇ ਸਪਸ਼ਟ ਤੌਰ ਤੇ ਦਸਿਆ ਕਿ ਜੇਕਰ ਦਹਿਸ਼ਤਗਰਦੀ ਦਾ ਮੂੰਹ ਭੰਨਣਾ ਹੈ ਤਾਂ ਉਪਰੋਕਤ ਵਰਨਣ ਕਦਮ ਚੁਕੇ ਜਾਣੇ ਚਾਹੀਦੇ ਹਨ। ਇਸ ਪਿਛੋਂ ਗਵਰਨਰ ਵਲੋਂ ਸਦੀ ਗਈ ਮੀਟਿੰਗ ਵਿਚ ਵੱਖ-ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਵੀ ਇਹੀ ਵਿਚਾਰ ਪ੍ਰਗਟ ਕੀਤੇ। ਪਰ ਇੰਝ ਜਾਪਦਾ ਹੈ ਕਿ ਇਹਨਾਂ ਵਿਚਾਰਾਂ ਦਾ ਨਵੀਂ ਦਿੱਲੀ ਲਈ ਕੋਈ ਮਨੋਰਥ ਨਹੀਂ ਹੈ।

ਇਹ ਇਸੇ ਕਰਕੇ ਹੈ ਕਿ ਲੋਕ ਦਹਿਸ਼ਤਗਰਦੀ ਵਿਰੁੱਧ ਸੰਘਰਸ਼ ਵਿਚ ਪੂਰੀ ਤਰਾਂ ਸਰਗਰਮ ਨਹੀਂ ਹੋਏ ਹਨ ਅਤੇ ਹੁਕਮਰਾਨ ਪਾਰਟੀ ਭਾਵੇਂ ਕਿਹੋ ਜਿਹੇ ਵੀ ਦਾਅਵੇ ਕਿਉਂ ਨਾ ਕਰੇ ਇਹ ਸਿਰਫ ਦੋਨੋਂ ਕਮਿਊਨਿਸਟ ਪਾਰਟੀਆਂ-ਸੀ. ਪੀ.ਆਈ. (ਐਮ) ਤੇ ਸੀ.ਪੀ. ਆਈ ਹੀ ਹਨ ਜਿਹੜੀਆਂ ਕਿ ਦਹਿਸ਼ਤਗਰਦਾਂ ਵਿਰੁੱਧ ਅਤੇ ਪੰਜਾਬ ਸਮਸਿਆ ਦੇ ਰਾਜਨੀਤਕ ਹੱਲ ਲਈ ਲਗਾਤਾਰ ਤੇ ਤੇਜ਼ ਮੁਹਿੰਮ ਚਲਾ ਰਹੀਆਂ ਹਨ। ਇਹੀ ਕਾਰਨ ਹੈ ਕਿ ਦਹਿਸ਼ਤਗਰਦਾਂ ਨੇ ਇਹਨਾਂ ਦੋਹਾਂ ਪਾਰਟੀਆਂ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਣਾਇਆ ਹੋਇਆ ਹੈ। ਦੋਹਾਂ ਕਮਿਊਨਿਸਟ ਪਾਰਟੀਆਂ ਦੇ ਵਰਕਰ ਆਪਣੀਆਂ ਜਾਨਾਂ ਨੂੰ ਖਤਰੇ ਵਿਚ ਪਾ ਕੇ ਇਹ ਮੁਹਿੰਮ ਚਲਾ ਰਹੀਆਂ ਹਨ। ਫਿਰਕੂ ਇਕਸੁਰਤਾ ਅਤੇ ਰਾਸ਼ਟਰੀ ਏਕਤਾ ਦੀ ਰਾਖੀ ਵਿਚ ਇਹਨਾਂ ਦੋਹਾਂ ਪਾਰਟੀਆਂ ਦੇ ਵਡਮੁੱਲੇ ਲੀਡਰਾਂ ਅਤੇ ਕੇਡਰ ਨੇ ਆਪਣੀਆਂ ਜਾਨਾਂ ਵਾਰ ਦਿਤੀਆਂ।

## ਐਸ. ਜੀ. ਪੀ. ਸੀ. ਦਾ ਰੋਲ

ਐਸ. ਜੀ. ਪੀ. ਸੀ ਜਿਹੜੀ ਕਿ ਆਪਣੀ ਮਿਆਦ ਪੁਗਾ ਚੁਕੀ ਹੈ, ਦਾ ਦਹਿਸ਼ਤਗਰਦਾਂ ਅੱਗੇ ਬਾਰ ਬਾਰ ਗੋਡੇ ਟੇਕਣ ਦਾ ਇਕ ਰਿਕਾਰਡ ਕਾਇਮ ਹੋ ਗਿਆ ਹੈ। ਸ੍ਰੀ ਗੁਰਚਰਨ ਸਿੰਘ ਟੌਹਰਾ ਦੇ ਐਸ. ਜੀ. ਪੀ. ਸੀ ਦੇ ਮੁੜ ਪ੍ਰਧਾਨ ਚੁਣੇ ਜਾਣ ਪਿਛੋ ਏਥੋਂ ਤਕ ਕਿ ਦਰਬਾਰ ਸਾਹਿਬ ਦੀਆਂ ਪਰਿਕਰਮਾ ਦੀ ਰਾਖੀ ਕਰਨ ਲਈ ਬਣਾਈ ਗਈ ਟਾਸਕ ਫੋਰਸ ਵੀ ਤੋੜ ਦਿਤੀ ਗਈ। ਇਹ ਦਹਿਸ਼ਤਗਰਦਾਂ ਨੂੰ ਆਪਣੀਆਂ ਰਾਸ਼ਟਰ ਵਿਰੋਧੀ ਸਰਗਰਮੀਆਂ ਕਰਨ ਲਈ ਦਰਬਾਰ ਸਾਹਿਬ ਸਮੂਹ ਅੰਦਰ ਮੁੜ ਤੋਂ ਕਿਲ੍ਹਾਬੰਦੀ ਕਰਨ ਦਾ ਖੁਲ੍ਹਾ ਸੱਦਾ ਸੀ। ਇਹ ਐਸ. ਜੀ. ਪੀ. ਸੀ. ਹੀ ਸੀ ਜਿਸ ਨੇ ਕਿ ਦਰਬਾਰ ਸਾਹਿਬ ਸਮੂਹ ਅੰਦਰ ਸਰਬਤ ਖਾਲਸਾ ਕਰਨ ਦੀ ਆਗਿਆ ਦਿਤੀ ਅਤੇ ਇਸ ਨੇ ਏਥੋਂ ਤਕ ਕਿ ਆਪਣੀ ਅਥਾਰਟੀ ਦੀ ਰਾਖੀ ਕਰਨ ਦਾ ਵੀ ਹੌਂਸਲਾ ਨਾ ਕੀਤਾ। ਏਥੋਂ ਤਕ ਕਿ ਜਦੋਂ ਐਸ. ਜੀ. ਪੀ. ਸੀ ਵਲੋਂ ਨਿਯੁਕਤ ਕੀਤੇ ਗਏ ਮੁਖ ਗਰੰਥੀਆਂ ਨੇ ਦਰਬਾਰ ਸਾਹਿਬ ਸਮੂਹ ਅੰਦਰੋਂ 'ਖਾਲਿਸਤਾਨ' ਬਣਨ ਦਾ ਐਲਾਨ ਕੀਤਾ ਸੀ ਤਾਂ ਐਸ. ਜੀ. ਪੀ. ਸੀ ਉਨਾਂ ਦੀ ਨਿੰਦਾ ਕਰਨ ਲਈ ਵੀ ਹਰਕਤ ਵਿਚ ਨਾ ਆਈ ਅਤੇ ਇਹ ਫਿਰ ਵੀ ਯੋਗ ਸਬਕ ਸਿਖਣ ਵਿਚ ਅਸਫਲ ਰਹੀ ਜਦੋਂ ਇਸ ਦੇ ਸਕੱਤਰ ਸ੍ਰੀ ਅਬਿਨਾਸ਼ੀ ਸਿੰਘ ਅਤੇ ਇਕ ਡਾਕਟਰ ਨੂੰ ਦਹਿਸ਼ਤਗਰਦਾਂ ਨੇ ਕਤਲ ਕਰ ਦਿਤਾ। ਇਸ ਦੇ ਉਲਟ ਇਸ ਨੇ ਆਪਣਾ ਗੁੱਸਾ ਬਰਨਾਲਾ ਸਰਕਾਰ ਅਤੇ ਉਸਦੇ ਅਕਾਲੀ ਦਲ ਉਤੇ ਕਢਿਆ ਜਿਸ ਨੇ ਕਿ ਦਹਿਸ਼ਤਗਰਦਾਂ ਤੇ ਵੱਖਵਾਦੀਆਂ ਵਿਰੁਧ ਦ੍ਰਿੜ ਸਟੈਂਡ ਲਿਆ ਹੋਇਆ ਸੀ। ਉਹਨਾਂ ਨੇ ਬਰਨਾਲੇ ਨੂੰ ਸਿੱਖ ਬਰਾਦਰੀ ਵਿਚੋਂ ਛੇਕਣ ਲਈ ਅਕਾਲ ਤਖਤ ਦੀ ਨਿਜੀ ਹਿੱਤਾਂ ਤੋਂ ਪ੍ਰੇਰਤ ਵਰਤੋਂ ਕੀਤੀ ਤਾਂ ਜੋ ਦਹਿਸ਼ਤਗਰਦੀ ਵਿਰੁਧ ਲੜ ਰਹੀਆਂ ਸ਼ਕਤੀਆਂ ਦੀ ਆਵਾਜ਼ ਬੰਦ ਕੀਤੀ ਜਾ ਸਕੇ। ਇਸ ਵਿਚ ਕੋਈ ਹੈਰਾਨਗੀ ਨਹੀਂ ਜਾਪਦੀ ਕਿ ਐਸ. ਜੀ. ਪੀ. ਸੀ ਨੇ ਆਪਣੇ ਆਪ ਨੂੰ ਮਖੌਲ ਬਣਾ ਲਿਆ ਸੀ। ਜਦੋਂ ਸਰਕਾਰ ਨੇ ਭਿੰਡਰਾਂਵਾਲੇ ਦੇ ਪ੍ਰਵਾਰ ਨਾਲ ਸੌਦੇਬਾਜ਼ੀ ਕਰਨ ਲਈ ਜਸਬੀਰ ਸਿੰਘ ਰੋਡੇ ਨੂੰ ਰਿਹਾਅ ਕਰ ਦਿਤਾ ਸੀ ਤਾਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਦਮਦਮੀ ਟਕਸਾਲ ਅਤੇ ਐਸ. ਜੀ. ਪੀ. ਸੀ. ਨੇ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖਤ ਦਾ ਮੁਖੀ ਵਜੋਂ ਥਾਪਣ 'ਚ ਕੋਈ ਕਸਰ ਬਾਕੀ ਨਾ ਛਡੀ।

ਬਾਅਦ ਵਿਚ ਉਹਨਾਂ ਨੇ ਉਸ ਨੂੰ ਵੀ ਡਿਸਮਿਸ ਕਰ ਦਿਤਾ ਅਤੇ ਹਰਚਰਨ ਸਿੰਘ ਦਿੱਲੀ ਨੂੰ ਅਕਾਲ ਤੱਖ ਦਾ ਮੁਖ ਗਰੰਥੀ ਬਣਾ ਦਿਤਾ ਜਿਹੜਾ ਕਿ ਜੇਹਲ ਵਿਚ ਸੀ ਅਤੇ ਉਸ ਦੀ ਗੈਰ ਹਾਜ਼ਰੀ ਵਿਚ ਮੋਹਨ ਸਿੰਘ ਨੂੰ ਅਕਾਲ ਤਖਤ ਦਾ ਐਕਟਿੰਗ ਮੁਖ ਗਰੰਥੀ ਬਣਾ ਦਿਤਾ। ਪਰ ਐਸ. ਜੀ. ਪੀ. ਦੇ ਸਕੱਤਰ ਭਾਨ ਸਿੰਘ, ਦਰਬਾਰ ਸਾਹਿਬ ਦੇ ਮੁਖ ਗਰੰਥੀ ਸੋਹਨ ਸਿੰਘ ਦੇ ਕਤਲਾਂ ਪਿਛੋਂ ਮੋਹਨ ਸਿੰਘ ਨੇ ਐਲਾਨ ਕਰ ਦਿਤਾ ਕਿ ਉਹ ਉਦੋਂ ਹੀ ਆਪਣੀ ਸੀਟ ਖਾਲੀ ਕਰ ਦੇਵੇਗਾ ਜਦੋਂ ਹੀ ਜਸਬੀਰ ਸਿੰਘ ਰੋਡੇ ਨੂੰ ਰਿਹਾਅ ਕਰ ਦਿਤਾ ਗਿਆ। ਅਜਿਹਾ ਉਸ ਦੇ ਜੀਵਨ ਨੂੰ ਦਰਪੇਸ਼ ਖਤਰੇ ਨੂੰ ਦੇਖਦਿਆਂ ਕੀਤਾ ਗਿਆ।

ਐਸ. ਜੀ. ਪੀ. ਸੀ ਨੇ ਬਾਅਦ ਵਿਚ ਉਸ ਨੂੰ ਡਿਸਮਿਸ ਕਰ ਦਿਤਾ ਅਤੇ ਹਰਚਰਨ ਸਿੰਘ ਦਿੱਲੀ ਨੂੰ ਵੀ ਡਿਸਮਿਸ ਕਰ ਦਿਤਾ ਅਤੇ ਅਕਾਲ ਤਖਤ ਦੇ ਜਥੇਦਾਰ ਵਜੋਂ ਦਰਸ਼ਨ ਸਿੰਘ ਰਾਗੀ ਦੀ ਮੁੜ ਨਿਯੁਕਤੀ ਕਰ ਦਿਤੀ ਗਈ। ਉਸ ਨੇ ਇਹ ਆਹੁਦਾ ਸਵੀਕਾਰ ਕਰ ਲਿਆ। ਰੋਡੇ ਅਤੇ ਦਰਸ਼ਨ ਸਿੰਘ ਵਿਚਕਾਰ ਜਦੋ-ਜਹਿਦ ਚਲ ਰਹੀ ਹੈ ਕਿ ਇਹ ਆਹੁਦਾ


ALWAYS REMEMBER

ROYAL FURNITURE LTD.

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ



PAUL TOOR

ਕਿਸ ਨੇ ਸੰਭਾਲਣਾ ਹੈ। ਉਹਨਾਂ ਨੇ ਅਕਾਲ ਤਖਤ ਦੇ ਜਥੇਦਾਰ ਦੀ ਪੁਜ਼ੀਸ਼ਨ ਏਨੀ ਹੇਠਾਂ ਲੈ ਆਂਦੀ ਹੈ ਕਿ ਅਕਾਲੀ ਪਾਰਟੀ ਦੇ ਵੱਖ ਵੱਖ ਧੜਿਆਂ ਵਲੋਂ ਇਸ ਅਹੁਦੇ ਨੂੰ ਆਪਣੀ ਰਾਜ ਸਤਾ ਦੀ ਖੇਡ ਲਈ ਵਰਤਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਅਜਿਹਾ ਗਲਾਂ ਬਾਤਾਂ ਕਦੇ ਨਹੀਂ ਵਾਪਰੀਆਂ। ਜੇ ਅਸੀਂ ਐਸ. ਜੀ. ਪੀ.ਸੀ. ਜਾਂ ਅਕਾਲ ਤਖਤ ਦੇ ਜਥੇਦਾਰਾਂ ਦੇ ਇਤਿਹਾਸ ਉਤੇ ਝਾਤ ਮਾਰੀਏ ਤਾਂ ਪਤਾ ਚਲਦਾ ਹੈ ਕਿ ਇਸ ਅਥਾਰਟੀ ਨੂੰ ਅਕਾਲੀ ਪਾਰਟੀ ਦੇ ਵੱਖ ਵੱਖ ਧੜਿਆਂ ਦੀਆਂ ਧੜੇਬੰਦਕ ਖੇਡਾਂ ਲਈ ਕਦੇ ਨਹੀਂ ਵਰਤਿਆ ਗਿਆ ਸੀ। ਅਤੇ ਜਿਹੜੇ ਇਸ ਅਹੁਦੇ ਉਤੇ ਰਹੇ ਉਹਨਾਂ ਨੇ ਵੀ ਅਜਿਹੇ ਮਨੋਰਥਾਂ ਲਈ ਆਪਣੇ ਆਪ ਨੂੰ ਵਰਤਣ ਦੀ ਆਗਿਆ ਨਹੀਂ ਦਿਤੀ।

ਜਸਬੀਰ ਸਿੰਘ ਰੋਡੇ ਹੁਣ ਇਹ ਦਾਅਵਾ ਕਰ ਰਿਹਾ ਹੈ ਕਿ ਕਿਉਂਕਿ ਉਸ ਨੂੰ 'ਸਰਬਤ ਖਾਲਸਾ' ਵਲੋਂ ਨਿਯੁਕਤ ਕੀਤਾ ਗਿਆ ਹੈ, ਇਸ ਲਈ ਉਹ ਅਸੀਂ ਜਥੇਦਾਰ ਹੈ। ਉਹ ਭੁਲ ਜਾਂਦਾ ਹੈ ਕਿ ਉਸੇ 'ਸਰਬਤ ਖਾਲਸਾ' ਨੇ ਇਕ ਸਰਬ ਉਚ ਜਥੇਬੰਦੀ 'ਪੰਥਕ ਕਮੇਟੀ' ਵੀ ਬਣਾਈ ਹੈ ਤਾਂ ਜੋ ਪੰਥ ਦੇ ਮਾਮਲਿਆਂ ਦੀ ਰਹਿ-ਨੁਮਾਈ ਕੀਤੀ ਜਾਵੇ, ਪਰ ਇਸੇ 'ਪੰਥਕ ਕਮੇਟੀ' ਨੇ ਉਸ ਨੂੰ ਰੱਦ ਕੀਤਾ ਹੈ।

ਇਸ ਤੋਂ ਵੀ ਵਧ, ਅਸਲ ਵਿਚ ਸਰਬਤ ਖਾਲਸਾ ਕੋਲ ਜਥੇਦਾਰਾਂ ਨੂੰ ਨਿਯੁਕਤ ਕਰਨ ਜਾਂ ਮੁੜ ਨਿਯੁਕਤ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਹ ਅਧਿਕਾਰ ਐਸ. ਜੀ. ਪੀ. ਸੀ. ਨੂੰ ਹੈ। ਐਸ. ਜੀ. ਪੀ. ਸੀ. ਨੇ ਵੀ ਇਸ ਅਧਿਕਾਰ ਨੂੰ ਜਿਸ ਢੰਗ ਨਾਲ ਵਰਤਿਆ ਹੈ, ਉਸ ਕਾਰਨ ਇਹ ਧੜੇਬੰਦੀ ਦੀ ਸ਼ਿਕਾਰ ਹੋ ਗਈ ਹੈ। ਇਹੀ ਵਜਾ ਹੈ ਕਿ ਇਸ ਦੀਆਂ ਕਾਰਵਾਈਆਂ ਆਮ ਲੋਕਾਂ ਵਿਚ ਵਿਸ਼ਵਾਸ਼ ਪੈਦਾ ਨਹੀਂ ਕਰ ਸਕਦੀਆਂ।

ਇਹ ਸਭ ਨੂੰ ਚੰਗੀ ਤਰਾਂ ਪਤਾ ਹੈ ਕਿ ਸੰਯੁਕਤ ਅਕਾਲੀ ਦਲ ਅਕਾਲ ਤਖਤ ਦੇ ਜਥੇਦਾਰ ਦੇ ਅਧਿਕਾਰ ਨੂੰ ਵਰਤ ਕੇ ਬਣਾਇਆ ਗਿਆ ਸੀ ਜਿਸ ਵਿਚ ਵਖ ਵਖ ਅਕਾਲੀ ਗਰੁੱਪ ਸ਼ਾਮਲ ਹਨ ਜਿਹਨਾਂ ਵਿਚ ਅੱਤਵਾਦੀ ਵੀ ਸ਼ਾਮਲ ਹਨ। ਇਹ ਸਿਰਫ ਬਰਨਾਲਾ ਅਕਾਲੀ ਦਲ ਹੀ ਸੀ ਜਿਸ ਨੇ ਕਿ ਇਸ ਮਾਮਲੇ ਵਿਚ ਗੋਡੇ ਟੇਕਣ ਤੋਂ ਇਨਕਾਰ ਕਰ ਦਿਤਾ, ਜਿਸ ਕਾਰਨ ਬਰਨਾਲੇ ਨੂੰ ਸਿੱਖ ਬਰਾਦਰੀ ਵਿਚੋਂ ਛੇਕ ਦਿਤਾ ਗਿਆ। ਪਰ ਦਹਿਸ਼ਤਗਰਦਾਂ ਦੇ ਦਿਨੋਂ ਦਿਨ ਲੋਕਾਂ ਨਾਲੋਂ ਨਿਖੜਨ ਕਾਰਨ ਉਹੀ ਯੂ. ਏ. ਡੀ. ਜਿਸ ਨੂੰ ਕਿ ਅਕਾਲ ਤਖਤ ਦੀ ਪਰਵਾਨਗੀ ਪਰਾਪਤ ਸੀ, ਦੋ ਧੜਿਆਂ ਵਿਚ ਟੁਟ ਗਈ ਜਿਹੜੇ ਕਿ ਇਕ ਦੂਸਰੇ ਦੀ ਅਲੋਚਨਾ ਕਰ ਰਹੇ ਹਨ। ਇਕ ਸਾਬਕਾ ਪੁਲਸ ਅਫਸਰ ਸਿਮਰਨਜੀਤ ਸਿੰਘ ਮਾਨ ਜਿਹੜਾ ਕਿ ਜੇਹਲ ਵਿਚ ਹੈ, ਨੂੰ ਯੂ. ਏ. ਡੀ. ਦਾ ਪਰਧਾਨ ਨਿਯੁਕਤ ਕੀਤਾ ਗਿਆ ਅਤੇ ਇਸ ਦੀ ਇਕ ਪ੍ਰੀਜ਼ੀਡੀਅਮ ਤੇ ਇਕ ਕੌਂਸਲ ਬਣਾਈ ਗਈ ਜਿਸ ਵਿਚ ਵਖਵੱਖ ਧੜੇ ਸ਼ਾਮਲ ਕੀਤੇ ਗਏ। ਆਪਣੇ ਵਕੀਲ ਰਾਹੀਂ ਉਸ ਨੇ ਅਚਾਨਕ ਕੌਂਸਲ ਭੰਗ ਕਰ ਦਿਤੀ ਅਤੇ ਪੰਜ-ਮੈਂਬਰੀ ਪ੍ਰੀਜ਼ੀਡੀਅਮ ਵਿਚ ਦੋ ਹੋਰ ਨਾਂ ਸ਼ਾਮਲ ਕਰ ਲਏ ਜਿਸ ਕਾਰਨ ਉਸ ਨੇ ਇਸ ਵਿਚ ਮੁਕੰਮਲ ਬਹੁ-ਮੱਤ ਹਾਸਿਲ ਕਰ ਲਿਆ। ਉਸਨੇ ਭਿੰਡਰਾਂਵਾਲੇ ਦੇ ਪਿਤਾ ਅਤੇ ਜਸਬੀਰ ਸਿੰਘ ਰੋਡੇ ਤੇ ਉਹਨਾਂ ਦੇ ਬੰਦਿਆਂ ਦੀ ਪੂਰੀ ਹਿਮਾਇਤ ਕੀਤੀ।

ਕਿਉਂਕਿ ਇਹ ਕੁਝ ਸੰਯੁਕਤ ਅਕਾਲੀ ਦਲ ਵਿਚ ਪੁਰਾਣੇ ਲੀਡਰਾਂ ਜਿਵੇਂ ਬਾਦਲ, ਟੌਹੜਾ ਅਤੇ ਤਲਵੰਡੀ ਨੂੰ ਸਵੀਕਾਰ ਨਹੀਂ ਸੀ, ਇਸ ਲਈ ਉਹ ਇਕੱਠੇ ਹੋ ਗਏ। ਉਹਨਾਂ ਦੇ ਹਿਮਾਇਤੀਆਂ ਨੇ ਚੰਡੀਗੜ੍ਹ ਵਿਚ ਇਕ ਮੀਟਿੰਗ ਸੱਦੀ ਅਤੇ ਯੂ. ਏ. ਡੀ. ਦੇ ਪ੍ਰਧਾਨ ਵਜੋਂ ਜਗਦੇਵ ਸਿੰਘ ਤਲਵੰਡੀ ਦੀ ਚੋਣ ਬਾਰੇ ਐਲਾਨ ਕੀਤਾ। ਦਰਸ਼ਨ ਸਿੰਘ ਰਾਗੀ ਜਿਹੜਾ ਕਿ ਯੂ. ਏ. ਡੀ. ਬਣਾਉਣ ਲਈ ਜੁਮੇਂਵਾਰ ਸੀ, ਨੇ ਇਕ ਬਿਆਨ ਵਿਚ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਨੂੰ ਕੌਂਸਲ ਭੰਗ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਜਿਹੜੀ ਕਿ ਫੈਸਲੇ ਲੈਣ ਵਾਲੀ ਸਰਬ-ਉਚ ਸੰਸਥਾ ਸੀ।

ਇਹ ਇਕ ਹਾਂ-ਪੱਖੀ ਘਟਨਾ ਹੈ ਕਿ ਜਗਦੇਵ ਸਿੰਘ ਤਲਵੰਡੀ ਅਧੀਨ ਯੂ. ਏ. ਡੀ. ਨੇ ਖੁਲੇਆਮ ਐਲਾਨ ਕੀਤਾ ਹੈ ਕਿ ਉਹ ਅੱਤਵਾਦ ਅਤੇ ਵਖਵਾਦ ਦੇ ਵਿਰੋਧੀ ਹਨ ਅਤੇ ਉਹ ਹਿੰਸਾ ਦੇ ਵਿਰੁੱਧ ਹਨ ਅਤੇ ਉਹਨਾਂ ਦਾ ਵਿਸ਼ਵਾਸ ਅਮਨ ਮਈ ਢੰਗ ਤਰੀਕਿਆਂ ਵਿਚ ਹੈ। ਇਹ ਬਿਨਾਂ ਕਿਸੇ ਸ਼ੱਕ ਦੇ ਜਨਤਕ ਰੌਂਅ ਦਾ ਪ੍ਰਗਟਾਵਾ ਹੈ।

## ਅਕਾਲੀ ਦਲ [ਲੌਂਗੋਵਾਲ]

ਕਾਲੀਗਰਚ ਕਾਰਵਾਈ ਪਿਛੋਂ ਅਕਾਲੀ ਦਲ (ਲੌਂਗੋਵਾਲ) ਨੂੰ ਨਵਾਂ ਹੌਂਸਲਾ ਮਿਲਿਆ ਅਤੇ ਉਹਨਾਂ ਨੂੰ ਲੋਕਾਂ ਦੀ ਹੋਰ ਜ਼ਿਆਦਾ ਹਿਮਾਇਤ ਪ੍ਰਾਪਤ ਹੋ ਰਹੀ ਹੈ। 20 ਅਗਸਤ ਨੂੰ ਲੌਂਗੋਵਾਲ ਪਿੰਡ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹੀਦੀ ਦੀ ਤੀਸਰੀ ਬਰਸੀ ਵਿਚ ਬਾਰਸ ਦੇ ਬਾਵਜੂਦ ਹਜ਼ਾਰਾਂ ਲੋਕ ਸ਼ਾਮਲ ਹੋਏ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਨੂੰ ਲੋਕਾਂ ਦੀ ਕਿੰਨੀ ਭਾਰੀ ਹਿਮਾਇਤ ਪਰਾਪਤ ਹੋ ਰਹੀ ਹੈ।

ਹਿਮਾਇਤ ਇਸ ਤੱਥ ਤੋਂ ਵੀ ਵੇਖੀ ਜਾ ਸਕਦੀ ਹੈ ਕਿ ਇਸ ਗਰੁੱਪ ਨਾਲ ਸਬੰਧਤ ਕਿਸੇ ਵੀ ਵਿਧਾਇਕ ਜਾਂ ਐਸ. ਜੀ. ਪੀ. ਸੀ. ਦੇ ਮੈਂਬਰ ਨੇ ਉਹਨਾਂ ਦਾ ਸਾਥ ਨਹੀਂ ਛਡਿਆ ਅਤੇ ਉਹਨਾਂ ਨੂੰ ਅਕਾਲੀ ਸਫਾਂ ਦੇ ਇਕ ਚੰਗੇ ਭਾਰੀ ਹਿਸੇ ਦੀ ਹਿਮਾਇਤ ਅਜੇ ਵੀ ਪ੍ਰਾਪਤ ਹੈ। ਪਰ ਯੂ. ਏ. ਡੀ. ਦੇ ਦੁਫੇੜ ਹੋਣ ਬਾਰੇ ਉਨ੍ਹਾਂ ਵਲੋਂ ਆਪਣੀਆਂ ਪ੍ਰਤੀਕਿਰਿਆਵਾਂ ਕੁਝ ਕਾਹਲੀ ਵਿਚ ਦਿਤੀਆਂ ਗਈਆਂ ਹਨ। ਉਹਨਾਂ ਨੂੰ ਸਗੋਂ ਰਾਜਨੀਤਕ ਪਹਿਲੂ ਦਾ ਸੁਆਗਤ ਕਰਨਾ ਚਾਹੀਦਾ ਸੀ ਜਿਹੜਾ ਕਿ ਦਹਿਸ਼ਤਗਰਦੀ ਤੇ ਵਖਵਾਦ ਦੀ ਵਿਰੋਧਤਾ ਕਰਨ ਵਾਲਾ ਸੀ ਜਿਸ ਉਤੇ ਕਿ ਉਹ ਬਹੁਤ ਪਹਿਲਾਂ ਤੋਂ ਹੀ ਚਲ ਰਹੇ ਸਨ। ਉਹਨਾਂ ਦੇ ਦਰੁੱਸਤ ਹੀ ਏਕਤਾ ਦਾ ਸੱਦਾ ਦਿਤਾ ਹੈ ਜਿਹੜੀ ਏਕਤਾ ਕਿ ਉਨ੍ਹਾਂ ਅਸੂਲਾਂ ਉਤੇ ਆਧਾਰਿਤ ਹੈ ਜਿਹਨਾਂ

contact
further information

Sunshine Paving Ltd.

FREE Estimates

SUNSHINE PAVING LTD.
NICK DEHAL

Call Any Time

Langley 534-7762
Abbotsford 850-1363
Maple Ridge 463-9773

Nick Dehal

ਤਸੱਲੀ ਬਖਸ਼ ਸੇਵਾਵਾਂ ਲਈ ਤੁਹਾਨੂੰ ਹਮੇਸ਼ਾ
ਜੀ ਆਇਆ ਕਿਹਾ ਜਾਂਦਾ ਹੈ :-

ਅਸੂਲਾਂ ਉਤੇ ਕਿ ਅਕਾਲੀ ਦਲ ਚਹਿਰ ਗਰਦੀ ਵਾਲੇ ਨਾਹਰਿਆਂ ਤੋਂ ਪਰਭਾਵਿਤ ਹੋਣ ਤੋਂ ਪਹਿਲਾਂ ਚਲਦਾ ਸੀ।

## ਸਰਕਾਰ ਦਾ ਰੋਲ

ਇਹ ਬਹੁਤ ਜਿਆਦਾ ਦੁਖਾਂਤ ਵਾਲੀ ਗੱਲ ਹੈ ਕਿ ਰਾਜੀਵ ਗਾਂਧੀ ਸਰਕਾਰ ਜਿਹੜੀ ਕਿ ਰਾਸ਼ਟਰੀ ਏਕਤਾ ਦੇ ਨਾਹਰੇ ਨਾਲ ਤਾਕਤ ਵਿਚ ਆਈ ਸੀ, ਉਸ ਨੇ ਪੰਜਾਬ ਵਿਚ ਇਸ ਦੀ ਰਾਖੀ ਕਰਨ ਦੀ ਪ੍ਰਵਾਹ ਨਹੀਂ ਕੀਤੀ। ਉਨਾਂ ਨੇ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਕਈ ਹਥਿਆਰ ਅਜਮਾਏ। ਅਤੇ ਹੁਣ ਇਹ ਵੇਖਣ ਦਾ ਸਮਾਂ ਹੈ ਕਿ ਉਹ ਕਿਵੇਂ ਇਨਾਂ ਵਿਚ ਅਸਫਲ ਰਹੇ। ਰਾਜਨੀਤਕ ਤਾਕਤਾਂ ਉਤੇ ਨਿਰਭਰ ਰਹਿਣ ਦੀ ਬਜਾਏ ਉਨਾਂ ਨੇ ਇਕ ਜੈਨ ਮੁਨੀ ਦੀਆਂ ਸੇਵਾਵਾਂ ਹਾਸਿਲ ਕੀਤੀਆਂ ਅਤੇ ਉਸ ਰਾਹੀਂ ਉਨਾਂ ਦਹਿਸ਼ਤਗਰਦਾਂ ਦੇ ਹੌਂਸਲੇ ਵਧਾਏ। ਫਲਸਰੂਪ ਉਨਾਂ ਜਸਬੀਰ ਸਿੰਘ ਰੋਡੇ ਨਾਲ ਸੌਦੇਬਾਜੀ ਕਰਨ ਦਾ ਯਤਨ ਕੀਤਾ। ਕੁਦਰਤੀ ਤੌਰ ਤੇ ਭਿੰਡਰਾਂਵਾਲਾਵਾਦ ਦੀ ਵਰਤੋਂ ਕਰਨ ਦੇ ਖਿਆਲ ਨਾਲ ਜਿਹੜਾ ਕਿ ਸੂਬੇ ਵਿਚ ਸਮੁਚੇ ਰਾਜਨੀਤਕ ਮਹੌਲ ਨੂੰ ਜ਼ਹਿਰੀਲਾ ਬਣਾਉਣ ਲਈ ਜੁਮੇਂਵਾਰ ਸੀ ਤਾਂ ਜੋ ਪੰਜਾਬ ਸਮੱਸਿਆ ਦਾ ਹੱਲ ਲੱਭ ਸਕਣ।

ਅਜਿਹਾ ਕਰਦਿਆਂ ਸਰਕਾਰ ਇਸ ਤੱਥ ਨੂੰ ਭੁੱਲ ਗਈ ਕਿ ਪੰਜਾਬੀ ਲੋਕਾਂ ਦੀ ਏਕਤਾ ਭਿੰਡਰਾਂਵਾਲਾਵਾਦ ਉਤੇ ਨਹੀਂ ਬਣਾਈ ਜਾ ਸਕਦੀ ਅਤੇ ਕਿ ਉਸ ਦੀਆਂ ਟੇਪ-ਰਿਕਾਰਡਾਂ ਅੱਜ ਵੀ ਪਿੰਡਾਂ ਵਿਚ ਵਜਾਈਆਂ ਜਾ ਰਹੀਆਂ ਹਨ ਤਾਂ ਜੋ ਘਟ ਗਿਣਤੀ ਫਿਰਕੇ ਨਾਲ ਸਬੰਧਤ ਲੋਕਾਂ ਵਿਰੁੱਧ ਨਫਰਤ ਪੈਦਾ ਕੀਤੀ ਜਾ ਸਕੇ। ਇਹ ਯੁੱਧਨੀਤੀ ਜਿਹੜੀ ਕਿ ਰਾਅ ਜਾਂ ਕਿਸੇ ਦੂਸਰੀ ਖੁਫੀਆ ਏਜੰਸੀ ਵਲੋਂ ਤਿਆਰ ਕੀਤੀ ਗਈ ਸੀ, ਬਹੁਤ ਹੀ ਜਿਆਦਾ ਮਾਰੂ ਸਿੱਧ ਹੋਈ ਹੈ।

ਮੈਂ ਇਨਾਂ ਖੁਫੀਆ ਏਜੰਸੀਆਂ ਦਾ ਵਰਨਣ ਇਸ ਲਈ ਕਰ ਰਿਹਾ ਹਾਂ ਕਿਉਂਕਿ ਮੇਰੇ ਖਿਆਲ ਵਿਚ ਰਾਜਨੀਤਕ ਕਲਪਨਾ ਵਾਲਾ ਕੋਈ ਵੀ ਵਿਅਕਤੀ ਇਕ ਅਜਿਹੀ ਯੁੱਧਨੀਤੀ ਨਹੀਂ ਸੁਝਾਅ ਸਕਦਾ। ਏਥੋਂ ਤੱਕ ਕਿ ਜਦੋਂ ਐਸ. ਜੀ. ਪੀ. ਸੀ. ਨੇ ਜਥੇਦਾਰ ਦੇ ਆਹੁਦੇ ਤੋਂ ਰੋਡੇ ਨੂੰ ਹਟਾ ਦਿੱਤਾ ਸੀ ਤਾਂ ਸਰਕਾਰ ਨੇ ਇਸ ਉਤੇ ਦਬਾਅ ਪਾਉਣ ਦੀ ਪੂਰੀ ਪੂਰੀ ਕੋਸ਼ਸ਼ ਕੀਤੀ। ਇਸ ਨੇ ਰੋਡੇ ਨਾਲ ਜੇਹਲ ਵਿਚ ਇਕ ਮੁਲਾਕਾਤ ਦਾ ਪ੍ਰਬੰਧ ਕੀਤਾ, ਜਿਸ ਵਿਚ ਉਸਨੇ ਐਲਾਨ ਕੀਤਾ ਕਿ ਉਹ ਅਜੇ ਵੀ ਅਕਾਲ ਤਖਤ ਦਾ ਜਥੇਦਾਰ ਹੈ। ਜੋਧਪੁਰ ਦੇ ਬੇਗੁਨਾਹ ਨਜ਼ਰਬੰਦਾਂ ਨੂੰ ਰਿਹਾਅ ਕਰਨ ਦੀ ਬਜਾਏ ਸਰਕਾਰ ਨੇ ਜਸਬੀਰ ਸਿੰਘ ਰੋਡੇ ਤੇ ਚਾਰ ਹੋਰਾਂ ਨੂੰ ਇਸੇ ਦਿਨ ਰਿਹਾਅ ਕਰ ਦਿਤਾ ਜਿਸ ਦਿਨ ਐਸ. ਜੀ. ਪੀ. ਸੀ. ਵਲੋਂ ਦਰਸ਼ਨ ਸਿੰਘ ਰਾਗੀ ਨੂੰ ਅਕਾਲ ਤਖਤ ਦਾ ਜਥੇਦਾਰ ਥਾਪਿਆ ਗਿਆ ਸੀ। ਇਨਾਂ ਕਦਮਾਂ ਨਾਲ ਦਹਿਸ਼ਤਗਰਦਾਂ ਨੂੰ ਹੀ ਹੌਂਸਲਾ ਮਿਲਿਆ ਅਤੇ ਇਸ ਨਾਲ ਅਖੰਡਨਯੋਗ ਇਹ ਸਬੂਤ ਹੀ ਮਿਲਦਾ ਹੈ ਕਿ ਸਰਕਾਰ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦਿੰਦੀ ਹੈ।

ਇਸ ਸਮੇਂ ਅੱਤਵਾਦੀ ਦੋ ਧੜਿਆਂ ਵਿਚ ਵੰਡੇ ਹੋਏ ਹਨ– ਇਕ ਧੜੇ ਦੀ ਅਗਵਾਈ ਪੰਥਕ ਕਮੇਟੀ ਕਰਦੀ ਹੈ ਅਤੇ ਦੂਸਰੇ ਧੜੇ ਦੀ ਅਗਵਾਈ ਜਸਬੀਰ ਸਿੰਘ ਰੋਡੇ ਅਤੇ ਉਸਦੇ ਬੰਦੇ ਕਰਦੇ ਹਨ। ਦੋਨੋਂ ਹੀ ਗਰੁੱਪ ਕਤਲੇਆਮ ਕਰਨ ਅਤੇ ਲੁਟ-ਮਾਰ ਕਰਨ ਵਿਚ ਲਗੇ ਹੋਏ ਹਨ।

## ਵਿਰੋਧੀ ਪਾਰਟੀਆਂ ਦਾ ਰੋਲ

ਇਹ ਕਿੰਨੀ ਅਜੀਬ ਗੱਲ ਹੈ ਕਿ ਦੇਸ਼ ਵਿਚ ਬਹੁਤ ਸਾਰੀਆਂ ਰਾਜਨੀਤਕ ਪਾਰਟੀਆਂ ਪੰਜਾਬ ਸਮਸਿਆ ਨੂੰ ਤਮਾਸ਼-ਬੀਨ ਬਣਕੇ ਦੇਖ ਰਹੀਆਂ ਹਨ। ਸ਼ਾਇਦ ਉਹ ਜਾਂ ਤਾਂ ਇਹ ਸੋਚਦੀਆਂ ਹਨ ਕਿ ਇਹ ਸਮਸਿਆ ਸਿਰਫ ਕੇਂਦਰ ਦੀ ਹੀ ਸਿਰਦਰਦੀ ਹੈ ਜਾਂ ਇਹ ਸਮਝਦੀਆਂ ਹਨ ਕਿ ਇਸ ਸਮਸਿਆ ਦਾ ਸਬੰਧ ਸਿਰਫ ਪੰਜਾਬ ਨਾਲ ਹੀ ਹੈ। ਦੇਸ਼ ਦੀ ਏਕਤਾ ਨੂੰ ਦਰਪੇਸ਼ ਖਤਰਿਆਂ ਦੇ ਖਤਰਨਾਕ ਸਿਟਿਆਂ ਨੂੰ ਸਮਝਣ ਦੇ ਉਹ ਅਯੋਗ ਹਨ। ਪਾਰਲੀਮੈਂਟ ਜਾਂ ਇਸ ਦੇ ਬਾਹਰ ਉਹ ਘੱਟ ਹੀ ਰਾਜਨੀਤਕ ਹੱਲ ਦੀ ਹਿਮਾਇਤ ਵਿਚ ਆਪਣੀ ਅਵਾਜ਼ ਉਠਾਉਂਦੀਆਂ ਹਨ।

ਜਿਥੋਂ ਤਕ ਸਰਕਾਰ ਦਾ ਸਬੰਧ ਹੈ ਜਿਵੇਂ ਕਿ ਉਪਰ ਕਿਹਾ ਹੈ, ਇਸ ਦੇ ਲਈ ਮੁੜ-ਵਿਚਾਰ ਕਰਨ ਦਾ ਸਮਾਂ ਹੈ। ਜੇ ਇਹ ਮਹਿਸੂਸ ਕਰਦੀ ਹੈ ਕਿ ਉਹ ਆਉਂਦੀਆਂ ਚੋਣ ਵਿਚ ਪੰਜਾਬ ਸਮਸਿਆ ਦਾ ਫਾਇਦਾ ਉਠਾ ਸਕਦੀ ਹੈ ਤਾਂ ਇਹ ਉਸ ਦੀ ਬਹੁਤ ਵੱਡੀ ਭੁੱਲ ਹੈ। ਇਸੇ ਮਸਲੇ ਨੂੰ ਬਾਰ ਬਾਰ ਨਹੀਂ ਵਰਤਿਆ ਜਾ ਸਕਦਾ ਕੇਂਦਰ ਦੀ ਦਹਿਸ਼ਤਗਰਦਾਂ ਨੂੰ ਖੁਸ਼ ਕਰਨ ਦੀ ਨੀਤੀ ਬਹੁਤ ਜਿਆਦਾ ਤਬਾਹਕੁੰਨ ਸਾਬਤ ਹੋਈ ਹੈ। ਇਸ ਵਲੋਂ ਚੁਕੇ ਗਏ ਪ੍ਰਸ਼ਾਸਨਕ ਕਦਮਾਂ ਨਾਲ ਹੀ ਸਿਰਫ ਦਹਿਸ਼ਤਗਰਦੀ ਨੂੰ ਘਟਾਇਆ ਨਹੀਂ ਜਾ ਸਕਦਾ।

ਇਹ ਕੀਮਤੀ ਸਮਾਂ ਗੁਆ ਰਹੀ ਹੈ। ਪੰਜਾਬ ਸਮਸਿਆ ਪ੍ਰਤੀ ਦਰੁਸਤ ਰਾਜਨੀਤਕ ਪਹੁੰਚ ਅਪਣਾ ਕੇ ਇਹ ਅਜੇ ਵੀ ਲੋਕਾਂ ਦੀ ਵਿਸ਼ਾਲ ਹਿਮਾਇਤ ਪ੍ਰਾਪਤ ਕਰ ਸਕਦੀ ਹੈ। ਉਹਨਾਂ ਵਿਚਕਾਰ ਇਕ ਸਪੱਸ਼ਟ ਲਾਈਨ ਖਿਚੀ ਜਾਣੀ ਚਾਹੀਦੀ ਹੈ ਜਿਹੜੇ ਅੱਤਵਾਦ ਤੇ ਵੱਖਵਾਦ ਵਿਰੁਧ ਤੇ ਰਾਸ਼ਟਰੀ ਏਕਤਾ ਲਈ ਖਲੋਂਦੇ ਹਨ ਅਤੇ ਉਹ ਜਿਹੜੇ ਰਾਸ਼ਟਰੀ ਏਕਤਾ ਦੇ ਵਿਰੁਧ ਕੰਮ ਕਰ ਰਹੇ ਹਨ। ਦਹਿਸ਼ਤ-ਗਰਦ ਲੋਕਾਂ ਨਾਲੋਂ ਬੁਰੀ ਤਰਾਂ ਨਿਖੜ ਚੁਕੇ ਹਨ। ਜੇਕਰ ਸਰਕਾਰ ਵਲੋਂ ਕੁਝ ਕਦਮ ਚੁਕੇ ਜਾਣ ਤਾਂ ਇਸ ਨਾਲ ਲੋਕਾਂ ਦੇ ਮਨਾਂ ਵਿਚ ਵਿਸ਼ਵਾਸ ਪੈਦਾ ਕੀਤਾ ਜਾ ਸਕਦਾ ਹੈ ਅਤੇ ਦਹਿਸ਼ਤਗਰਦਾਂ ਵਿਰੁਧ ਸੰਘਰਸ਼ ਵਿਚ ਲੋਕ ਪੂਰੀ ਤਰਾਂ ਸਰਗਰਮ ਹੋ ਸਕਦੇ ਹਨ।

ਇਹ ਕਦਮ ਕੋਈ ਨਵੇਂ ਨਹੀਂ ਹਨ। ਇਹਨਾਂ ਦੇ ਪੱਖ ਵਿਚ ਦੇਸ਼ 'ਚ ਸਾਰੀਆਂ ਰਾਜਨੀਤਕ ਪਾਰਟੀਆਂ ਵਲੋਂ ਅਵਾਜ਼ ਉਠਾਈ ਜਾ ਰਹੀ ਹੈ। ਇਹ ਕਦਮ ਹਨ : (1) ਜੋਧਪੁਰ ਦੇ ਬੇਗੁਨਾਹ ਨਜ਼ਰਬੰਦਾਂ ਨੂੰ ਛੇਤੀ ਰਿਹਾਅ ਕੀਤਾ ਜਾਵੇ, (2) ਮਿਸ਼ਰਾ ਕਮਿਸ਼ਨ ਰਿਪੋਰਟ ਨੇ ਜਿਹੜਾਂ ਵਿਅ-ਕਤੀਆਂ ਨੂੰ ਦਿੱਲੀ ਦੰਗਿਆਂ ਲਈ ਦੋਸ਼ੀ ਠਹਿਰਾਇਆ ਹੈ ਉਹਨਾਂ ਉਤੇ ਮੁਕੱਦਮੇ ਚਲਾਏ ਜਾਣ, (3) ਰਾਜੀਵ-ਲੌਂਗੋਵਾਲ ਸਮਝੌਤੇ ਦੇ ਢਾਂਚੇ ਦੇ ਅੰਦਰ ਅੰਦਰ ਰਹਿ ਕੇ ਚੰਡੀਗੜ੍ਹ, ਪਾਣੀ ਅਤੇ ਇਲਾਕਾਈ ਝਗੜਿਆਂ ਦਾ ਹੱਲ ਕੀਤਾ ਜਾਵੇ।

ਇਹ ਕਦਮ ਜੇਕਰ ਸਮੇਂ ਸਿਰ ਚੁਕੇ ਜਾਣ, ਸਥਿਤੀ ਵਿਚ ਰੈਡੀਕਲ ਤਬਦੀਲੀ ਲਿਆਉਣਗੇ। ਤੇ ਫਿਰ ਸਰਕਾਰ ਨੂੰ ਵੱਖ ਵੱਖ ਇਲਾਕਿਆਂ ਵਿਚ ਕੰਘਾ ਕਰੂ ਕਾਰਵਾਈਆਂ ਕਰਨ ਲਈ ਯੋਜਨਾਵਾਂ ਤਿਆਰ ਨਹੀਂ ਕਰਨੀਆਂ ਪੈਣ-ਗੀਆਂ। ਖੁਦ ਲੋਕ ਪਹਿਲਕਦਮੀ ਕਰਨਗੇ ਅਤੇ ਉਹ ਦਹਿਸ਼ਤਗਰਦਾਂ ਨੂੰ ਉਹਨਾਂ ਦੀਆਂ ਘਿਰਣੀ ਸਰਗਰਮੀਆਂ ਨਹੀਂ ਕਰਨ ਦੇਣਗੇ। ਭਾਵੇਂ ਉਹ ਸਿੱਖ ਹਨ ਜਾਂ ਹਿੰਦੂ ਉਹ ਰਾਸ਼ਟਰ ਦੀ ਏਕਤਾ ਦੀ ਰਾਖੀ ਵਿਚ ਇਕਮੁਠ ਹੋ ਕੇ ਖਲੋਣਗੇ। ਇਹੀ ਇਕੋ ਇਕ ਰਸਤਾ ਹੈ ਜਿਸ ਨਾਲ ਕਿ ਪੰਜਾਬ ਵਿਚ ਅਮਨ ਬਹਾਲ ਹੋ ਸਕਦਾ ਹੈ। ਸਮਾਪਤ


**ਸ਼ਹੀਦਾਂ ਨੂੰ ਪਰਣਾਮ**

**ਕਮਿਊਨਿਸਟ ਪਾਰਟੀ [ਮ]**

**ਪ੍ਰਕਾਸ਼ਨ**

ਮੁੱਲ : ਚਾਰ ਰੁਪੇ
ਮਿਲਨ ਦਾ ਪਤਾ :
ਭਾਈ ਰਤਨ ਸਿੰਘ
ਟਰੱਸਟ ਬਿਲਡਿੰਗ
ਜੀ. ਟੀ. ਰੋਡ ਜਲੰਧਰ

# "ਸ਼ਹੀਦਾਂ ਨੂੰ ਪਰਣਾਮ" ਪੁਸਤਕ ਬਾਰੇ

ਜਾਬਰ ਅੰਗਰੇਜ਼ ਸਾਮਰਾਜ ਤੋਂ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਪੰਜਾਬ ਇਨਕਲਾਬੀ ਸਰਗਰਮੀਆਂ ਦਾ ਇਕ ਮਹੱਤਵ ਪੂਰਨ ਕੇਂਦਰ ਸੀ, ਜਿਸ ਨੇ ਅਥਾਹ ਕੁਰਬਾਨੀਆਂ ਕਰਕੇ ਇਸ ਸੰਗਰਾਮ ਵਿਚ ਭਾਰੀ ਹਿੱਸਾ ਪਾਇਆ। ਇਹ ਉਹ ਪ੍ਰਾਂਤ ਹੈ ਜਿਸ ਨੇ ਮਹਾਨ ਗਦਰੀ ਯੋਧੇ, ਬੱਬਰ ਅਕਾਲੀ, ਭਗਤ ਸਿੰਘ ਅਤੇ ਉਸਦੇ ਸਾਥੀ ਪੈਦਾ ਕੀਤੇ, ਜਿਸ ਦੇ ਵਾਸੀਆਂ ਨੇ ਜਲ੍ਹਿਆਂਵਾਲੇ ਬਾਗ ਵਿਚ ਸਾਂਝਾ ਖੂਨ ਡੋਲ੍ਹਿਆ ਅਤੇ ਸਮੁੱਚੇ ਦੇਸ਼ ਨੂੰ ਅੰਗਰੇਜ਼ ਸਾਮਰਾਜ ਵਿਰੁੱਧ ਬਗਾਵਤ ਕਰਨ ਲਈ ਝੰਜੋੜਿਆ। ਇਹ ਉਹਨਾਂ ਚਾਰ ਰਾਜਾਂ ਵਿਚੋਂ ਇਕ ਸੀ ਜਿਥੇ ਕਿ ਵੀਹਵਿਆਂ ਦੇ ਆਰੰਭ ਵਿਚ ਕਮਿਊਨਿਸਟ ਗਰੁੱਪ ਬਣਾਏ ਗਏ, ਅਤੇ ਜਿਸ ਨੂੰ 1926 ਦੇ ਮਈ ਦਿਵਸ 'ਤੇ ਦਾਤੀ ਅਤੇ ਹਥੌੜੇ ਵਾਲਾ ਲਾਲ ਝੰਡਾ ਝੁਲਾਉਣ ਦਾ ਅਤੇ ਦੇਸ਼ ਦੀ ਕਿਰਤੀ ਕਿਸਾਨ ਲਹਿਰ ਦੇ ਆਗੂਆਂ ਵਿਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੈ।

ਅੱਜ ਇਹੋ ਪੰਜਾਬ ਲਹੂ ਲੁਹਾਣ ਹੈ, ਦਹਿਸ਼ਤਗਰਦਾਂ ਅਤੇ ਵੱਖਵਾਦੀਆਂ ਦੀਆਂ ਕਾਰਵਾਈਆਂ ਕਾਰਨ, ਜਿਹੜੇ ਕਿ ਪਾਕਿਸਤਾਨ ਦੀ ਧਰਤੀ ਦੀ ਵਰਤੋਂ ਕਰਕੇ ਸਾਮਰਾਜੀ ਸ਼ਹਿ 'ਤੇ ਮਦਦ ਨਾਲ ਖਾਲਿਸਤਾਨ ਦੀ ਵੱਖਵਾਦੀ ਦੇਸ਼-ਧਰੋਹੀ ਲਹਿਰ ਚਲਾ ਰਹੇ ਹਨ। ਅੱਤਵਾਦੀ ਹਰ ਰੋਜ਼ ਵਡੀ ਗਿਣਤੀ ਵਿਚ ਨਿਰਦੋਸ਼ ਲੋਕਾਂ ਦੇ ਕਤਲ ਕਰ ਰਹੇ ਹਨ। ਉਹ ਘਟ ਗਿਣਤੀ ਫਿਰਕੇ ਨਾਲ ਸਬੰਧਤ ਲੋਕਾਂ ਨੂੰ ਆਪਣੇ ਰਾਜਸੀ ਵਿਰੋਧੀਆਂ ਨੂੰ ਅਤੇ ਪੁਲਸ ਅਤੇ ਪ੍ਰਸ਼ਾਸਨ ਨਾਲ ਸਬੰਧਤ ਵਿਅਕਤੀਆਂ ਨੂੰ ਸਿਰਫ ਇਕੋ ਉਦੇਸ਼ ਨਾਲ ਕਤਲ ਕਰ ਰਹੇ ਹਨ ਕਿ ਘੱਟ ਗਿਣਤੀ ਫਿਰਕੇ ਨੂੰ ਹਿਜਰਤ ਕਰ ਜਾਣ ਲਈ ਮਜਬੂਰ ਕੀਤਾ ਜਾਵੇ ਤਾਂ ਜੋ ਉਸ ਦੀ ਮੋੜਵੀਂ ਪ੍ਰਤੀਕਿਰਿਆ ਵਜੋਂ ਦੂਜੇ ਰਾਜਾਂ ਵਿਚੋਂ ਸਿੱਖ ਹਿਜਰਤ ਕਰਨ ਲਈ ਮਜਬੂਰ ਹੋ ਜਾਣ ਅਤੇ ਇਸ ਤਰ੍ਹਾਂ ਅਸਥਿਰਤਾ ਦੀ ਅਵਸਥਾ ਪੈਦਾ ਹੋ ਜਾਵੇ। ਉਹ ਅਪਣੀਆਂ ਰਾਸ਼ਟਰ ਵਿਰੋਧੀ ਸਰਗਰਮੀਆਂ ਲਈ ਇਤਿਹਾਸਕ ਸਿੱਖ ਅਸਥਾਨਾਂ ਦੀ ਪਨਾਹਗਾਹਾਂ ਵਜੋਂ ਦੁਰਵਰਤੋਂ ਕਰ ਰਹੇ ਹਨ।

ਭਾਵੇਂ ਪੰਜਾਬੀ ਲੋਕਾਂ ਦੀ ਵੱਡੀ ਬਹੁ-ਗਿਣਤੀ ਖਾਲਿਸਤਾਨ ਦੀ ਵੱਖਵਾਦੀ ਮੰਗ ਦੇ ਅਤੇ ਨਿਰਦੋਸ਼ ਲੋਕਾਂ ਦੇ ਕਤਲਾਂ ਦੇ ਵਿਰੁੱਧ ਹੈ, ਪਰ ਫੇਰ ਵੀ ਅੱਤਵਾਦੀਏ ਘਟ-ਗਿਣਤੀ ਫਿਰਕੇ ਦੇ ਲੋਕਾਂ ਅੰਦਰ ਦਹਿਸ਼ਤ ਦੀ ਭਾਵਨਾ ਪੈਦਾ ਕਰਨ ਵਿਚ ਸਫਲ ਹੋ ਚੁੱਕੇ ਹਨ ਜਿਸ ਦੇ ਫਲਸਰੂਪ ਫਿਰਕੂ ਵੰਡ ਵਧੀ ਹੈ।

ਬਦਕਿਸਮਤੀ ਨਾਲ, ਪੰਜਾਬ ਵਾਸੀ ਜਿਹੜੇ ਕਿ ਰਾਜ ਅੰਦਰ ਮੁੜ ਅਮਨ ਬਹਾਲ ਕਰਨਾ ਲੋਚਦੇ ਹਨ, ਉਹ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਅਜੇ ਅੱਤਵਾਦੀਆਂ ਅਤੇ ਵੱਖਵਾਦੀਆਂ ਨਾਲ ਟੱਕਰ ਲੈਣ ਲਈ ਖੁਲ੍ਹਕੇ ਮੈਦਾਨ ਵਿਚ ਨਹੀਂ ਆ ਰਹੇ।

ਅਪ੍ਰੇਸ਼ਨ ਨੀਲਾ ਤਾਰਾ ਕਾਰਨ ਸਿੱਖਾਂ ਅੰਦਰ ਪੈਦਾ ਹੋਈ ਬੇਗਾਨਗੀ ਦੀ ਭਾਵਨਾ, ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਹੋਏ ਸਿੱਖ ਵਿਰੋਧੀ ਦੰਗਿਆਂ ਆਦਿ ਕਾਰਨ ਵਿਗੜੀ ਸਥਿਤੀ ਅਤੇ ਇਸ ਪਿਛੋਕੜ 'ਚ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਪਏ ਜਨਤਕ ਦਬਾਅ ਸਦਕਾ ਕੇਂਦਰ ਸਰਕਾਰ ਨੇ ਇਹ ਅਨੁਭਵ ਕੀਤਾ ਕਿ ਪੰਜਾਬ ਸਮੱਸਿਆ ਦੇ ਨਬੇੜੇ ਲਈ ਰਾਜਸੀ ਹੱਲ ਜ਼ਰੂਰੀ ਹੈ। 24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਉਤੇ ਦਸਖਤ ਕੀਤੇ ਗਏ। ਇਹ ਇਕ ਸਮਾਂਬੱਧ ਸਮਝੌਤਾ ਸੀ। ਇਸ ਦਾ ਪੰਜਾਬ ਵਾਸੀਆਂ ਨੇ ਅਤੇ ਸਾਰੀਆਂ ਰਾਜਸੀ ਪਾਰਟੀਆਂ ਨੇ ਸਮਰਥਨ ਕੀਤਾ ਕਿਉਂਕਿ ਹਰ ਇਕ ਨੇ ਇਹ ਮਹਿਸੂਸ ਕੀਤਾ ਕਿ ਇਹ ਅੱਤਵਾਦੀਆਂ ਨੂੰ ਅਲੱਗ ਥਲੱਗ ਕਰਨ ਅਤੇ ਸਾਮਰਾਜਵਾਦ ਦੀ ਸਾਜ਼ਿਸ਼ ਨੂੰ ਅਸਫਲ ਬਣਾਉਣ ਵਿਚ ਸਹਾਇਤਾ ਕਰੇਗਾ।

ਉਦੋਂ ਤੋਂ ਹੁਣ ਤਕ ਤਿੰਨ ਸਾਲ ਤੋਂ ਵਧ ਸਮਾਂ ਬੀਤ ਚੁੱਕਾ ਹੈ, ਸਮਝੌਤਾ ਰੱਦੀ ਦੀ ਟੋਕਰੀ ਵਿਚ ਸੁਟਿਆ ਹੋਇਆ ਹੈ, ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਤੇ ਵਿਧਾਨ ਸਭਾ ਭੰਗ ਕੀਤੀ ਜਾ ਚੁੱਕੀ ਹੈ। ਰਾਸ਼ਟਰਪਤੀ ਸ਼ਾਸਨ ਲਾਗੂ ਹੈ ਅਤੇ ਅੱਜ ਇਹ ਨਵਾਂ ਨਾਅਰਾ ਦਿਤਾ ਜਾ ਰਿਹਾ ਹੈ ਕਿ ਅੱਤਵਾਦ ਨਾਲ ਨਜਿੱਠਣ


# UJJAL DOSANJH
## LAWYER
(ਵਕੀਲ ਅਤੇ ਨੋਟਰੀ ਪਬਲਿਕ)

Personal Injury &
Other Insurance Claims
Real Estate Transactions
Divorce &
Family Law,

#202—5887 VICTORIA DRIVE,
VANCOUVER. B.C. V5P 3W5

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

● ਆਈ. ਸੀ. ਬੀ. ਸੀ. ● ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ ● ਇਮੀਗਰੇਸ਼ਨ ਦੀਆਂ ਅਪੀਲਾਂ ● ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਉਜੱਲ ਦੁਸਾਂਝ

Free intial consultation
(ਮੁੱਢਲੀ ਸਲਾਹ ਮੁੱਫਤ)

PHONE 327-6381

ਉਪਰੰਤ ਹੀ ਪੰਜਾਬ ਬਾਰੇ ਕੋਈ ਗੱਲ ਕੀਤੀ ਜਾ ਸਕਦੀ ਹੈ। ਉਹ ਸਾਂਝੀ ਰਾਜਸੀ ਮੁਹਿੰਮ ਜਿਹੜੀ ਕਿ ਸਰਬ ਪਾਰਟੀ ਰੈਲੀਆਂ ਦੇ ਰੂਪ ਵਿਚ ਸ਼ੁਰੂ ਹੋਈ ਸੀ ਖਤਮ ਹੋ ਚੁੱਕੀ ਹੈ। ਗਵਰਨਰ ਅਤੇ ਡੀ. ਜੀ. ਪੀ. ਨੂੰ ਸਖਤੀ ਨਾਲ ਨਜਿੱਠਣ ਲਈ ਸਮੁੱਚੀਆਂ ਸ਼ਕਤੀਆਂ ਦਿਤੀਆਂ ਹੋਈਆਂ ਹਨ। ਭਾਵੇਂ ਰਾਸ਼ਟਰਪਤੀ ਰਾਜ ਵਿਚ ਕਤਲਾਂ ਵਿਚ ਹੋਰ ਵਾਧਾ ਹੋਇਆ ਹੈ ਅਤੇ ਇਸ ਪੱਖੋਂ ਨਵੇਂ ਰੀਕਾਰਡ ਸਥਾਪਤ ਹੋਏ ਹਨ, ਪਰ ਉਹ ਫਿਰ ਵੀ ਵਾਰ ਵਾਰ ਐਲਾਨ ਕਰ ਰਹੇ ਹਨ ਕਿ ਅਵਸਥਾ ਕਾਬੂ ਹੇਠ ਹੈ ਅਤੇ ਅੱਤਵਾਦ ਦੀ ਸਮਸਿਆ ਨਾਲ ਬਾਅਸਰ ਢੰਗ ਨਾਲ ਨਜਿੱਠਿਆ ਜਾ ਰਿਹਾ ਹੈ।

ਇਸ ਅਵਸਥਾ ਵਿਚ ਖੱਬੀ ਲਹਿਰ ਅਤੇ ਸੀ. ਪੀ. ਆਈ. (ਐਮ) ਉੱਪਰ ਅੱਤਵਾਦ ਅਤੇ ਵੱਖਵਾਦ ਵਿਰੁੱਧ ਲੜਾਈ ਦੇਣ ਅਤੇ ਦੇਸ਼ ਦੀ ਏਕਤਾ ਦੀ ਰਾਖੀ ਕਰਨ ਦੀ ਭਾਰੀ ਜ਼ੁੰਮੇਂਵਾਰੀ ਆਣ ਪਈ ਹੈ। ਇਹ ਕੋਈ ਸੌਖਾ ਕੰਮ ਨਹੀਂ ਹੈ। ਸੀ. ਪੀ. ਆਈ (ਐਮ) ਤੇ ਸੀ. ਪੀ. ਆਈ. ਰੂੜੀਵਾਦੀ ਅਤੇ ਵੱਖਵਾਦੀ ਸ਼ਕਤੀਆਂ ਵਿਰੁੱਧ ਸੰਘਰਸ਼ ਵਿਚ ਸਰਗਰਮ ਰਹੀਆਂ ਹਨ ਅਤੇ ਉਹਨਾਂ ਨੂੰ ਇਸ ਲੜਾਈ ਵਿਚ ਆਪਣੇ ਬਹੁਤ ਸਾਰੇ ਮਹੱਤਵਪੂਰਨ ਆਗੂ ਅਤੇ ਵਰਕਰ ਕੁਰਬਾਨ ਕਰਨੇ ਪਏ ਹਨ। ਉਹਨਾਂ ਨੇ ਮਜ਼ਦੂਰ ਜਮਾਤ, ਕਿਸਾਨੀ, ਨੌਜੁਆਨਾਂ, ਵਿਦਿਆਰਥੀਆਂ, ਇਸਤਰੀਆਂ ਅਤੇ ਮਿਹਨਤੀ ਲੋਕਾਂ ਦੇ ਹੋਰ ਭਾਗਾਂ ਨੂੰ ਇਸ ਘੋਲ ਵਿਚ ਸਰਗਰਮ ਕੀਤਾ ਹੈ।

ਸਰਕਾਰ ਅਤੇ ਪ੍ਰਸਾਸ਼ਨ ਸਾਡੇ ਸਾਥੀਆਂ ਦੀ ਸੁਰੱਖਿਆ ਅਤੇ ਬਚਾਅ ਵੱਲ ਧਿਆਨ ਨਹੀਂ ਦਿੰਦੇ। ਪਰ ਇਸ ਦੇ ਬਾਵਜੂਦ ਪੂਰੀ ਤਰ੍ਹਾਂ ਸਮਰਪਤ ਸਾਡੇ ਸਾਥੀ ਫਿਰਕਾਪ੍ਰਸਤ ਅਤੇ ਵੱਖਵਾਦੀ ਸ਼ਕਤੀਆਂ ਵਿਰੁੱਧ ਲੜਾਈ ਜਾਰੀ ਰੱਖਣ ਵਿਚ ਨਿਰਉਤਸ਼ਾਹਤ ਨਹੀਂ ਹੁੰਦੇ। ਸਿੱਟਾ ਇਹ ਹੈ ਕਿ ਸਾਨੂੰ ਬਹੁਤ ਭਾਰੀ ਕੀਮਤ ਤਾਰਨੀ ਪੈ ਰਹੀ ਹੈ।

ਸਾਡੇ ਬਹੁਤ ਸਾਰੇ ਉੱਘੇ ਅਤੇ ਅਹਿਮ ਸਾਥੀ ਦਹਿਸ਼ਤਗਰਦਾਂ ਦੇ ਹਮਲਿਆਂ ਦਾ ਸ਼ਿਕਾਰ ਹੋਏ ਹਨ ਅਤੇ ਉਹਨਾਂ ਹੱਥੋਂ ਸ਼ਹੀਦ ਹੋ ਚੁੱਕੇ ਹਨ। ਮੈਂ ਚੰਨਣ ਸਿੰਘ ਧੂਤ ਨੂੰ ਕਦੇ ਵੀ ਭੁੱਲ ਨਹੀਂ ਸਕਦਾ ਜਿਸਨੂੰ ਮੈਂ 1935 ਵਿਚ ਪਾਰਟੀ ਵਿਚ ਭਰਤੀ ਕੀਤਾ ਸੀ ਅਤੇ ਜਿਸ ਨੇ ਅਣਗਿਣਤ ਕੁਰਬਾਨੀਆਂ ਕਰਕੇ ਜੇਲ੍ਹਾਂ ਦੇ ਦੁਖ ਝੱਲਕੇ ਅਤੇ ਆਪਣੇ ਜੀਵਨ ਨੂੰ ਖਤਰਿਆਂ ਵਿਚ ਪਾ ਕੇ ਪੂਰੇ 53 ਵਰ੍ਹੇ ਪਾਰਟੀ ਦੀ ਸੇਵਾ ਕੀਤੀ। ਮੈਂ ਸਾਥੀ ਗੁਲਸ਼ਨ ਨੂੰ ਭੁਲ ਨਹੀਂ ਸਕਦਾ ਜਿਹੜੇ ਲਗਭਗ 50 ਵਰ੍ਹੇ ਪਹਿਲਾਂ ਪਾਰਟੀ ਵਿਚ ਸ਼ਾਮਲ ਹੋਏ ਅਤੇ ਜਿਸ ਨੇ ਇਹ ਸਮੁੱਚਾ ਲੰਬਾ ਸਮਾਂ ਪੂਰੀ ਤਰ੍ਹਾਂ ਮਜ਼ਦੂਰ ਜਮਾਤ ਅਤੇ ਮਿਹਨਤ ਲੋਕਾਂ ਦੇ ਕਾਜ਼ ਦੇ ਲੇਖੇ ਲਾਇਆ। ਸਾਥੀ ਦੀਪਕ ਧਵਨ ਇਕ ਹੋਣਹਾਰ ਨੌਜੁਆਨ ਸੀ ਜਿਹੜਾ ਆਪਣੀ ਲਗਨ ਭਰਪੂਰ ਸੇਵਾ ਰਾਹੀਂ ਛੇਤੀ ਹੀ ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਬਣਨ ਤਕ ਅਤੇ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਮੀਤ ਸਕੱਤਰ ਦੇ ਔਹਦੇ ਤਕ ਪੁਜ ਗਿਆ ਸੀ। ਉਸਦੀ ਯਾਦ ਹਮੇਸ਼ਾ ਲਈ ਸਾਡੇ ਮਨਾਂ ਅੰਦਰ ਉਕਰੀ ਰਹੇਗੀ। ਪਹਿਲੇ ਦਰਜੇ ਵਿਚ ਐਮ. ਏ. ਪਾਸ ਕਰਨ ਤੋਂ ਬਾਅਦ ਉਸ ਨੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਆਪਣਾ ਜੀਵਨ ਲਾਉਣ ਦੀ ਚੋਣ ਕੀਤੀ। ਛੇਤੀ ਹੀ ਉਨ੍ਹਾਂ ਦਾ ਵਿਸ਼ਵਾਸ ਜਿੱਤ ਲਿਆ ਅਤੇ ਇਕ ਹਰਮਨ ਪਿਆਰਾ ਆਗੂ ਬਣ ਗਿਆ। ਉਸ ਨੇ ਆਪਣੇ ਸਾਰੇ ਹੀ ਪਰਿਵਾਰ ਨੂੰ ਮਾਰਕਸਵਾਦ-ਲੈਨਿਨਵਾਦ ਦਾ ਧਾਰਨੀ ਬਣਾ ਦਿੱਤਾ। ਵੱਖਵਾਦ ਵਿਰੁੱਧ ਉਸ ਦੇ ਦ੍ਰਿੜ ਸੰਘਰਸ਼ ਕਾਰਨ ਉਹ ਅੱਤਵਾਦੀਆਂ ਦੀ ਹਿੱਟ ਲਿਸਟ ਤੇ ਆ ਗਿਆ। ਭਾਵੇਂ ਉਹ ਉਸਦਾ ਕੀਮਤੀ ਜੀਵਨ ਖੋਹਣ ਵਿਚ ਤਾਂ ਸਫਲ ਹੋ ਗਏ, ਪਰ ਉਹਨਾਂ ਦੇ ਇਸ ਵਹਿਸ਼ੀ ਕਾਰੇ ਨੇ ਸਮੁਚੇ ਇਲਾਕੇ ਦੇ ਖੇਤ ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਇਹਨਾਂ ਰਾਸ਼ਟਰ ਵਿਰੋਧੀ ਅਨਸਰਾਂ ਵਿਰੁਧ ਸੰਘਰਸ਼-ਸ਼ੀਲ ਹੋਣ ਲਈ ਉਭਾਰਿਆ। ਇਕ ਹੋਰ ਸ਼ਹੀਦ ਹੈ ਸਾਥੀ ਗੁਰਨਾਮ ਸਿੰਘ ਉਪਲ ਪ੍ਰਧਾਨ ਜਨਵਾਦੀ ਨੌਜਵਾਨ ਸਭਾ ਪੰਜਾਬ। ਐਸ. ਐਫ. ਆਈ. ਦੇ ਨਾਲ ਨਾਲ ਜਨਵਾਦੀ ਨੌਜਵਾਨ ਸਭਾ ਹੀ ਹੈ ਜਿਹੜੀ ਕਿ ਵੱਖਵਾਦੀ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਹਮਲਿਆਂ ਦਾ ਡਟਕੇ ਟਾਕਰਾ ਕਰ ਰਹੀ ਹੈ। ਉਨ੍ਹਾਂ ਵਿਚਕਾਰ ਕਈ ਟੱਕਰਾਂ ਹੋਈਆਂ ਹਨ। ਇਹ ਅੱਤਵਾਦੀ ਸਾਡੇ ਸਾਥੀਆਂ ਦੇ ਹੌਂਸਲੇ ਪਸਤ ਨਹੀਂ ਕਰ ਸਕੇ। ਉਹਨਾਂ ਨੇ ਇਸ ਨੌਜਵਾਨ ਆਗੂ ਨੂੰ ਉਦੋਂ ਕਤਲ ਕਰ ਦਿਤਾ ਜਦੋਂ ਕਿ ਉਹ ਪਿੰਡ ਦਾ ਸਰਪੰਚ ਹੋਣ ਕਰਕੇ ਪਿੰਡ ਦੇ ਖੇਤ ਮਜ਼ਦੂਰਾਂ ਵਿਚ ਸੋਕੇ ਦੀ ਸਹਾਇਤਾ ਵੰਡਾਉਣ ਵਿਚ ਰੁੱਝਾ ਹੋਇਆ ਸੀ।

ਸਾਥੀ ਹਰਬੰਸ ਸਿੰਘ ਬੀਕਾ ਸੀ. ਪੀ. ਆਈ (ਐਮ) ਦਾ ਹੋਣਹਾਰ ਨੌਜਵਾਨ ਕਾਡਰ ਸੀ। ਉਸ ਨੇ ਖੇਤ ਮਜ਼ਦੂਰਾਂ ਅਤੇ ਇਲਾਕੇ ਦੇ ਦੂਸਰੇ ਲੋਕਾਂ ਦੀ ਅਣਥਕ ਸੇਵਾ ਕਰਕੇ ਬਹੁਤ ਛੇਤੀ ਹਰਮਨ ਪਿਆਰਤਾ ਹਾਸਲ ਕਰ ਲਈ ਸੀ। ਉਸ ਨੇ 1977 'ਚ ਐਮ. ਐਲ. ਏ ਚੁਣੇ ਜਾਣ ਪਿਛੋਂ ਆਪਣੇ ਹਲਕੇ ਦੇ ਲੋਕਾਂ ਦੀ ਭਾਰੀ ਸੇਵਾ ਕੀਤੀ। ਉਸ ਵਲੋਂ ਅੱਤਵਾਦੀਆਂ ਵਿਰੁਧ ਪਾਰਟੀ ਦੀ ਮੁਹਿੰਮ 'ਚ ਉਘਾ ਹਿਸਾ ਪਾਇਆ ਜਾ ਰਿਹਾ ਸੀ। ਲੋਕ ਉਸ ਨੂੰ ਗੰਭੀਰਤਾ ਨਾਲ ਸੁਣਦੇ ਸਨ, ਇਸ


# ਕਾਹਲੋਂ ਆਟੋ ਸਰਵਿਸ ਲਿਮਟਿਡ
# Kahlon Auto Service Ltd.

11956 - 95A Ave. DELTA, B.C.

**Ph. 585-1242**

**Special** Free Steam Cleaning With Every Brake Job.

call us today : ਹੁਣੇ ਫ਼ੋਨ ਕਰੋ : 585-1242 Mubarak A. Chaudhary

ਬਰੇਕਸ, ਟੀਊਨਅੱਪ, ਸਟੀਮ ਕਲੀਨਿੰਗ, ਇੰਜਨ ਰੀਬੈਲਡ ਦੇ ਮਾਹਰ

ਹਰ ਬਾਰ ਬਰੇਕਾਂ ਦਾ ਕੰਮ ਕਰਵਾਉਣ ਸਮੇਂ ਮੁਫਤ ਵਿਚ ਸਟੀਮ ਕਲੀਨਿੰਗ ਦੀ ਸਰਵਿਸ ਦਿੱਤੀ ਜਾਂਦੀ ਹੈ

**Complete Automotive Repairs**

**Special Prices On :—**

Wheel Alignment ■ Tune-ups ■ Brakes ■ Steam Cleaning ■ Engine Rebuilding

ਕਰਕੇ ਉਹ ਅੱਤਵਾਦੀਆਂ ਨੂੰ ਚੁਭਦਾ ਸੀ। ਉਸਦਾ ਪਰਵਾਰ ਦੇਸ਼ ਭਗਤ ਪਰਵਾਰ ਹੈ।

ਸਾਥੀ ਸੁੱਚਾ ਸਿੰਘ ਛਾਰਲਾ ਇਕ ਅਸਲੀ ਅਰਥਾਂ ਵਾਲਾ ਆਪਣੇ ਇਲਾਕੇ ਦਾ ਲੋਕ ਨਾਇਕ ਸੀ। ਉਸ ਦੀ ਇਨ-ਸਾਫ ਪਸੰਦੀ ਤੇ ਬੇਲਾਗ ਪਹੁੰਚ ਤੋਂ ਵਿਰੋਧੀ ਵੀ ਪ੍ਰਭਾਵਤ ਸਨ। ਉਹ 20 ਸਾਲ ਲਗਾਤਾਰ ਸਰਪੰਚ ਰਿਹਾ। ਲੋਕ ਸੇਵਾ ਦਾ ਜਜ਼ਬਾ ਉਸ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ, 70 ਸਾਲ ਦੀ ਉਮਰ ਦੇ ਬਾਵਜੂਦ ਉਸ ਵਿਚ ਨੌਜਵਾਨਾਂ ਵਰਗਾ ਉਤਸ਼ਾਹ ਸੀ। 15 ਮਾਰਚ ਦੇ ਭਾਰਤ ਬੰਦ ਵਾਲੇ ਦਿਨ ਉਸ ਦੀ ਅਗ-ਵਾਈ 'ਚ ਕਸਬਾ ਭਿਖੀਵਿੰਡ ਬੰਦ ਹੋਇਆ। ਟਰੈਫਿਕ ਜਾਮ ਕੀਤਾ ਗਿਆ। ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਵੀ ਦਰਿੜ ਤੇ ਬਹਾਦਰਾਨਾ ਸੰਘਰਸ਼ ਦੇ ਰਿਹਾ ਸੀ। ਅੱਤਵਾਦੀਆਂ ਨੇ ਇਲਾਕੇ ਦੇ ਲੋਕਾਂ ਤੋਂ ਉਹਨਾਂ ਦਾ ਇਕ ਪਰਖਿਆ ਹੋਇਆ ਸੇਵਕ ਖੋਹ ਲਿਆ।

ਡਾ: ਗੁਰਦਿਆਲ ਸਿੰਘ ਜਲੰਧਰ ਜ਼ਿਲੇ ਵਿਚ ਕੰਮ ਕਰਦਾ ਪਸ਼ੂਆਂ ਦਾ ਡਾਕਟਰ ਸੀ। ਉਹ ਫਰੀਦਕੋਟ ਜ਼ਿਲੇ ਨਾਲ ਸਬੰਧਤ ਸੀ। ਸੀ. ਪੀ. ਆਈ (ਐਮ) ਦੇ ਪ੍ਰਭਾਵ ਹੇਠ ਆਉਣ ਨਾਲ ਉਸ ਨੇ ਨੌਕਰੀ ਤੋਂ ਅਸਤੀਫਾ ਦੇ ਦਿਤਾ ਅਤੇ ਪਾਰਟੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਹਰਮਨ ਪਿਆਰਤਾ ਅਤੇ ਸਰਗਰਮੀਆਂ ਅੱਤਵਾਦੀਆਂ ਲਈ ਰੁਕ-ਵਟਾਂ ਸਿਧ ਹੋ ਰਹੀਆਂ ਸਨ। ਉਹਨਾਂ ਨੇ ਲੋਕਾਂ ਨੂੰ ਉਸ ਦੀਆਂ ਸੇਵਾਵਾਂ ਤੋਂ ਵਾਂਝ ਕਰਨ ਲਈ ਉਸ ਦੀ ਜਾਨ ਲੈ ਲਈ ਹੈ।

ਹੋਰ ਸਾਰੇ ਸਾਥੀ ਵੀ ਜਿਹਨਾਂ ਨੂੰ ਅੱਤਵਾਦੀਆਂ ਨੇ ਆਪਣਾ ਨਿਸ਼ਾਨਾ ਬਣਾਇਆ, ਆਪਣੇ ਆਪਣੇ ਹਲਕਿਆਂ ਵਿਚ ਰਾਸ਼ਟਰੀ ਏਕਤਾ ਅਤੇ ਫਿਰਕੂ ਨਿਰਪੱਖਤਾ ਤੇ ਅਮਨ ਦੀ ਰਾਖੀ ਲਈ ਅਤੇ ਅੱਤਵਾਦ ਵੱਖਵਾਦ ਵਿਰੁੱਧ ਲੜਾਈ ਲਈ ਲੋਕਾਂ ਨੂੰ ਜਥੇਬੰਦ ਕਰਨ ਵਿਚ ਸਰਗਰਮ ਸਨ।

ਇਹ ਦੁਸ਼ਟ ਇਕ ਸਾਥੀ ਨੂੰ ਮਿਥ ਕੇ ਮਾਰਨ ਗਏ ਜਦ ਉਹ ਸਾਥੀ ਹੱਥ ਨਾ ਆਇਆ ਤਾਂ ਇਹਨਾਂ ਵੱਖਵਾਦੀ ਬੁੱਚੜਾਂ ਨੇ ਉਸ ਦੀ ਮਾਤਾ ਨੂੰ ਕਤਲ ਕਰ ਦਿਤਾ। ਇਹ ਸਾਰਾ ਕੁਝ 'ਸਿੱਖਾਂ ਨੂੰ ਗੁਲਾਮੀ ਤੋਂ ਮੁਕਤ' ਕਰਾਉਣ ਦੇ ਨਾਂਅ ਹੇਠ ਕੀਤਾ ਜਾ ਰਿਹਾ ਹੈ।

ਉਹਨਾਂ ਦੇ ਇਹ ਸਾਰੇ ਹੀ ਯਤਨ ਸੀ. ਪੀ. ਆਈ (ਐਮ) ਦੀ ਉਹਨਾਂ ਦੀਆਂ ਚਾਲਾਂ ਨੂੰ ਬੇਪਰਦ ਕਰਦੀ ਇਨ-ਕਲਾਬੀ ਆਵਾਜ਼ ਨੂੰ ਬੰਦ ਕਰਨ ਅਤੇ ਉਹਨਾਂ ਵਿਰੁਧ ਸੰਘਰਸ਼ ਨੂੰ ਰੋਕਣ ਵਿਚ ਅਸਫਲ ਰਹੇ ਹਨ। ਸਾਡੀ ਪਾਰਟੀ ਨੇ 18 ਜਥੇ ਬਣਾਕੇ 2800 ਪਿੰਡਾਂ ਦਾ ਦੌਰਾ ਕਰਕੇ ਅਗਸਤ 1987 ਵਿਚ ਜਿਹੜੀ ਮੁਹਿੰਮ ਚਲਾਈ ਸੀ ਉਸ ਨੇ ਲੋਕਾਂ ਅੰਦਰ ਨਵੇਂ ਵਿਸ਼ਵਾਸ ਨੂੰ ਜਨਮ ਦਿਤਾ ਅਤੇ ਉਹਨਾਂ ਨੂੰ ਅੱਤਵਾਦ ਅਤੇ ਵੱਖਵਾਦ ਵਿਰੁਧ ਸੰਘਰਸ਼ ਲਈ ਉਭਾ-ਰਿਆ। ਅਜ ਇਹ ਸਾਰੇ ਹੀ ਮੰਨਦੇ ਹਨ ਕਿ ਸੀ. ਪੀ. ਆਈ. (ਐਮ) ਹੀ ਹੈ ਜਿਹੜੀ ਕਿ, ਸੀ, ਪੀ. ਆਈ ਦੇ ਨਾਲ ਇਹਨਾਂ ਦੇਸ਼ ਦੁਸ਼ਮਣ ਵੰਡਵਾਦੀ ਸ਼ਕ-ਤੀਆਂ ਵਿਰੁਧ ਸੰਘਰਸ਼ ਵਿਚ ਸਭ ਤੋਂ ਅੱਗੇ ਹੈ।

ਜਿਹੜਾ ਸੰਘਰਸ਼ ਪਾਰਟੀ ਚਲਾ ਰਹੀ ਹੈ ਉਹ ਸਿਰਫ ਮਾਨਵਵਾਦੀ ਪਹੁੰਚ ਦਾ ਸਿੱਟਾ ਹੀ ਨਹੀਂ ਹੈ ਬਲਕਿ ਇਸ ਧਾਰਨਾ ਦੀ ਉਪਜ ਹੈ ਕਿ ਲੋਕਾਂ ਦੇ ਏਕੇ ਅਤੇ ਦੇਸ਼ ਦੀ ਏਕਤਾ ਦੀ ਰਾਖੀ ਹਰ ਕੀਮਤ ਤੇ ਕਰਨੀ ਹੈ। ਸਾਡੇ ਸਾਥੀਆਂ ਨੇ ਮਾਰਕਸਵਾਦ-ਲੈਨਿਨਵਾਦ ਦੇ ਉਹਨਾਂ ਵਿਚਾਰਾਂ ਅਧੀਨ ਪਰਵਰਿਸ਼ ਪਾਈ ਹੈ ਜਿਹੜੇ ਮਜ਼ਦੂਰ ਜਮਾਤ ਦੇ ਕਾਜ਼ ਲਈ ਲੁਟ ਚੋਂਘ ਤੋਂ ਮੁਕਤ ਸਮਾਜ ਦੀ ਸਿਰ-ਜਣਾ ਲਈ ਵਰਤਮਾਨ ਲੁਟੇਰੇ ਸਰਮਾਏ-ਦਾਰ ਜਗੀਰਦਾਰ ਸਮਾਜਕ ਢਾਂਚੇ ਨੂੰ ਬਦਲਣ ਲਈ ਵੱਡੀਆਂ ਤੋਂ ਵੱਡੀਆਂ ਕੁਰ-ਬਾਨੀਆਂ ਕਰਨ ਦੀ ਦਲੇਰੀ ਪੈਦਾ ਕਰਦੇ ਹਨ।

ਪੰਜਾਬ ਵਿਚ ਸਾਡੀ ਪਾਰਟੀ ਸੁਤੰ-ਤਰਤਾ ਸੰਗਰਾਮ ਦੀਆਂ ਅਤੇ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਦੇ ਕਲਾਬੀ ਰਵਾਇਤਾਂ ਦੀ ਵਾਰਸ ਹੈ। ਗਦਰੀ ਯੋਧੇ, ਬੱਬਰ ਅਕਾਲੀ, ਭਗਤ ਸਿੰਘ ਅਤੇ ਉਸ ਦੇ ਸਾਥੀ ਜਿਹੜੇ ਕਿ ਬਾਅਦ ਵਿਚ ਕਮਿਊਨਿਸਟ ਸਫਾਂ ਵਿਚ ਸ਼ਾਮਲ ਹੋਏ, ਇਹਨਾਂ ਰਵਾਇਤਾਂ ਦੇ ਪ੍ਰਤੀਕ ਹਨ। ਸਾਡੀ ਪਾਰਟੀ ਇਹ ਜਾਣਦੀ ਹੈ ਕਿ ਪੰਜਾਬ ਵਿਚ, ਦਹਿਸ਼ਤਗਰਦੀ ਅਤੇ ਵੱਖਵਾਦ ਵਿਰੁਧ ਇਹ ਸੰਘਰਸ਼ ਇਕੱਲੇ ਅੱਤਵਾਦੀਆਂ ਵਿਰੁਧ ਲੜਨ ਤਕ ਹੀ ਸੀਮਤ ਨਹੀਂ ਹੈ, ਇਹ ਸਾਮਰਾਜੀ ਤਾਕਤਾਂ ਵਿਰੁੱਧ ਸੰਘਰਸ਼ ਦਾ ਵੀ ਇਕ ਹਿੱਸਾ ਹੈ ਜਿਹੜੀਆਂ ਕਿ ਇਹਨਾਂ ਅੱਤਵਾਦੀਆਂ ਦੀ ਪਿੱਠ 'ਤੇ ਹਨ।

ਦੇਸ਼ ਦੀ ਵੰਡ ਦੇ ਦਿਨਾਂ ਦੌਰਾਨ ਅਸੀਂ ਇਕ ਭਿਅੰਕਰ ਫਿਰਕੂ ਜਨੂੰਨੀ ਅਵਸਥਾ ਦਾ ਟਾਕਰਾ ਕੀਤਾ ਸੀ ਜਿਸ ਵਿਚ ਦੋਵੇਂ ਪਾਸੇ ਲੱਖਾਂ ਨਿਰਦੋਸ਼ ਜਾਨਾਂ ਗਈਆਂ ਹਨ। ਉਸ ਸਮੇਂ ਸਰਹੱਦ ਦੇ ਦੋਵੇਂ ਪਾਸੇ ਘਟ ਗਿਣਤੀਆਂ ਦੀ ਰੱਖਿਆ ਲਈ ਸਿਰਫ ਕਮਿਊਨਿਸਟ ਪਾਰਟੀ ਦੇ ਵਰਕਰ ਹੀ ਰਹਿ ਗਏ ਸਨ ਜਿਹਨਾਂ ਨੇ ਆਪਣੀਆਂ ਜਾਨਾਂ 'ਤੇ ਖੇਡਕੇ ਉਹਨਾਂ ਦੀ ਰਖਿਆ ਕੀਤੀ। ਉਹਨਾਂ ਨੇ ਸਾਮ-ਰਾਜਵਾਦ ਵਲੋਂ ਵਿਉਂਤਬੰਦ ਕੀਤੇ ਗਏ ਫਿਰਕੂ ਘੱਲੂਘਾਰੇ ਵਿਰੁੱਧ ਸੰਘਰਸ਼ ਅੰਦਰ ਇਕ ਸੁਨਹਿਰੀ ਕਾਂਡ ਰਚਿਆ।

ਹਿੰਦ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਅਤੇ ਇਸ ਦੇ ਹਮਦਰਦਾਂ ਨੇ ਦੇਸ਼ ਭਰ 'ਚ ਤੇ ਬਾਹਰ ਤੋਂ ਸਾਡੀ ਪੰਜਾਬ ਇਕਾਈ ਲਈ ਜਿਹੜੀ ਰਾਜਸੀ, ਨੈਤਿਕ ਤੇ ਮਾਇਕ ਸਹਾਇਤਾ ਦਿਤੀ ਹੈ ਉਹ ਇਕ ਮਹਾਨ ਪ੍ਰੇਰਨਾ ਸਰੋਤ ਸਿਧ ਹੋਈ ਹੈ। ਪੰਜਾਬ ਦੇ ਸਾਥੀ ਮਹਿਸੂਸ ਕਰਦੇ ਹਨ ਕਿ ਇਸ ਲੜਾਈ ਵਿਚ ਉਹ ਇਕੱਲੇ ਨਹੀਂ ਹਨ, ਉਹਨਾਂ ਦੇ ਪਿਛੇ ਸੀ. ਪੀ. ਆਈ (ਐਮ) ਦੇ ਇਨਕਲਾਬੀ ਸਾਥੀਆਂ ਅਤੇ ਉਹਨਾਂ ਦੇ ਪੈਰੋ-ਕਾਰ ਵਿਸ਼ਾਲ ਜਨ-ਸਮੂਹਾਂ ਦੀ ਸ਼ਕਤੀ-ਸ਼ਾਲੀ ਫੌਜ ਹੈ। ਇਹ ਸਹਾਇਤਾ ਤੇ ਇਕ ਮੁਠਤਾ ਦਾ ਪਰਗਟਾਵਾ ਉਹਨਾਂ ਨੂੰ ਸੰਘ-ਰਸ਼ ਲਈ ਨਵੀਂ ਹੌਂਸਲਾ ਦਿੰਦਾ ਅਤੇ ਅੱਤਵਾਦ ਵੱਖਵਾਦ ਵਿਰੁੱਧ ਅਤੇ ਰਾਸ਼ਟਰੀ ਏਕਤਾ ਲਈ ਸੰਘਰਸ਼ ਵਿਚ ਹੋਰ ਸ਼ਕਤੀ


# ਸਿੰਘ ਫੂਡਜ਼

ਹਰੀਆਂ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖ਼ੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਫ਼ੋਨ : 327-4911**

**SINGH FOODS**

6684 ਮੇਨ ਸਟਰੀਟ, (51 ਐਵੇਨਿਊ) ਵੈਨਕੂਵਰ, ਬੀ. ਸੀ.

ਦਾ ਵਾਧਾ ਕਰਦਾ ਹੈ।

ਜਿਹੜੇ ਸਾਥੀ ਸ਼ਹੀਦਾਂ ਦੀ ਕਤਾਰ ਵਿਚ ਸ਼ਾਮਲ ਹੋ ਚੁੱਕੇ ਹਨ ਉਹਨਾਂ ਨੇ ਕਮਿਊਨਿਸਟ ਲਹਿਰ ਦੀ ਸ਼ਾਨ ਵਿਚ ਵਾਧਾ ਕੀਤਾ ਹੈ। ਉਹ ਇਹਨਾਂ ਦੇਸ਼ ਧਰੋਹੀ (ਬਦੀ ਦੀਆਂ) ਸ਼ਕਤੀਆਂ ਵਿਰੁੱਧ ਅਤੇ ਹੱਕੀ ਕਾਜ ਲਈ ਸੰਘਰਸ਼ ਵਿਚ ਦੂਜਿਆਂ ਨੂੰ ਹੋਰ ਕੁਰਬਾਨੀਆਂ ਕਰਨ ਲਈ ਹਮੇਸ਼ਾਂ ਪ੍ਰੇਰਨਾ ਦਿੰਦੇ ਰਹਿਣਗੇ।

ਇਹ ਕੀਮਤੀ ਜਾਨਾਂ ਜਿਹੜੀਆਂ ਇਸ ਕਠੋਰ ਸੰਘਰਸ਼ ਦੇ ਲੇਖੇ ਲਗੀਆਂ ਹਨ ਵਿਅਰਥ ਨਹੀਂ ਜਾਣਗੀਆਂ। ਨੌਜਵਾਨ ਪੀੜ੍ਹੀ ਜਿਹੜੀ ਕਿ ਵਿਗਿਆਨਕ ਸਮਾਜਵਾਦ ਵੱਲ ਖਿੱਚੀ ਆ ਰਹੀ ਹੈ ਉਹ ਇਸ ਚਨੌਤੀ ਨੂੰ ਸਵੀਕਾਰ ਕਰ ਰਹੀ ਹੈ। ਉਹ ਇਹਨਾਂ ਸ਼ਹੀਦਾਂ ਦੇ ਪਦ-ਚਿੰਨ੍ਹਾਂ 'ਤੇ ਚਲੇਗੀ ਅਤੇ ਅੱਤਵਾਦ ਤੇ ਵੱਖਵਾਦ ਵਿਰੁੱਧ ਸੰਘਰਸ਼ ਵਿਚ ਪ੍ਰਾਂਤ ਦੇ ਦੇਸ਼ ਭਗਤ ਲੋਕਾਂ ਨੂੰ ਸਰਗਰਮ ਕਰਨ ਦੇ ਯੋਗ ਹੋਵੇਗੀ ਅਤੇ ਸਾਮਰਾਜਵਾਦ ਦੀ ਚਾਲ ਨੂੰ ਭਾਂਜ ਦੇਵੇਗੀ। ਸਮੁੱਚੇ ਸੰਸਾਰ ਦੇ ਕਮਿਊਨਿਸਟਾਂ ਨੂੰ, ਜਿਹਨਾਂ ਪੁਰਾਣੇ ਪ੍ਰਬੰਧ ਨੂੰ ਬਦਲਣ ਦਾ ਬੀੜਾ ਚੁਕਿਆ ਹੋਇਆ ਹੈ, ਬਹੁਤ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰੰਤੂ ਉਹ ਹਰ ਕਿਸਮ ਦੇ ਜਬਰ ਤੇ ਜ਼ੁਲਮ ਦਾ ਮੁਕਾਬਲਾ ਕਰਦੇ ਹੋਏ ਆਪਣਾ ਸੰਘਰਸ਼ ਜਾਰੀ ਰੱਖ ਰਹੇ ਹਨ। ਅਸੀਂ ਉਸ ਫੌਜ ਦੀ ਇਕ ਟੁੱਕੜੀ ਹਾਂ ਅਤੇ ਕੋਈ ਵੀ ਸਾਨੂੰ ਸਾਡੇ ਇਸ ਚੁਣੇ ਹੋਏ ਰਾਹ ਤੋਂ ਡੁਲਾ ਨਹੀਂ ਸਕਦੇ।

ਇਹ ਉਹਨਾਂ ਇਨ-ਕਲਾਬੀਆਂ ਦੇ ਜੀਵਨ ਦੀ ਇਕ ਝਲਕ ਹੈ ਜਿਹੜੇ ਇਸ ਸੰਘਰਸ਼ ਵਿਚ ਸ਼ਹੀਦ ਹੋਏ। ਉਹ ਇਹ ਜੰਗ ਜਿਤਣ ਲਈ ਹੋਰ ਅਨੇਕਾਂ ਨੂੰ ਪ੍ਰੇਰਨਾ ਦੇਣਗੇ।

*—ਹਰਕਿਸ਼ਨ ਸਿੰਘ ਸੁਰਜੀਤ*

ਕਿੰਨੇ ਚਿਰ ਤੋਂ ਤਰਸ ਰਹੇ ਹਾਂ ਚਾਨਣ ਨੂੰ
ਨ੍ਹੇਰਾ ਕੂਣ ਸਵਾਇਆ ਹੈ ਹਰ ਸ਼ਹਿਰ ਗਰਾਂ

# ਸਿਉਲ ਉਲੰਪਿਕ ਦਾ ਹੱਕਦਾਰ ਪਹਿਲਵਾਨ ਸਤੀਸ਼

*ਰੇਸ਼ਮ ਸਿੰਘ*

ਸਿਓਲ ਜਾਣ ਲਈ ਪਸੀਨਾ ਵਹਾਉਂਦੇ ਸਤੀਸ਼ ਕੁਮਾਰ ਨੂੰ ਇਹ ਗਿਆਨ ਨਹੀਂ ਸੀ ਕਿ ਅਖਾੜੇ ਵਿਚ ਮਾਰੇ ਦਾਅ ਉਸ ਦੀ ਚੋਣ ਨਹੀਂ ਕਰਵਾ ਸਕਦੇ ਸਗੋਂ ਅਖਾੜੇ ਤੋਂ ਬਾਹਰ ਵਜਣ ਵਾਲੇ ਦਾਅਵਾਂ ਨੇ ਹੀ ਨਿਰਣਾ ਕਰਨਾ ਹੈ।

ਉਲੰਪਿਕ ਦੀ ਤਿਆਰੀ ਲਈ ਸ਼ਿਮਲੇ ਤੇ ਪਟਿਆਲੇ ਵਿਚ ਲਗੇ ਦੋਨੋਂ ਕੈਂਪ ਗਵਾਹ ਹਨ ਕਿ 48 ਕਿਲੋ ਵਜਨ ਦੇ ਗਰੁਪ ਦੇ ਤਿੰਨਾਂ ਭਲਵਾਨਾਂ ਵਿਚ ਸਤੀਸ਼ ਉੱਨੀ ਨਹੀਂ ਸੀ। ਦਰਹਕੀਕਤ ਉਸ ਨੇ ਰਾਜੇਸ਼ (ਜਿਸ ਦੀ ਚੋਣ ਕੀਤੀ ਗਈ) ਵਾਂਗ ਹੀ ਜਾਵੇਦ ਨੂੰ ਢਾਹਿਆ ਸੀ ਪਰ ਰਾਜੇਸ਼ ਤੇ ਸਤੀਸ਼ ਦਾ ਟਰਾਇਲ ਨਹੀਂ ਕਰਾਇਆ ਗਿਆ। ਦਲੀਲ ਇਹ ਦਿਤੀ ਗਈ ਕਿ ਰਾਜੇਸ਼ ਦੀ ਤਬੀਅਤ ਠੀਕ ਨਹੀਂ। ਇਹ ਗਲ ਪਿਛਲੇ ਦੋ ਕੁ ਹਫਤਿਆਂ ਦੀ ਹੈ ਤੇ ਅਜ ਰਾਜੇਸ਼ ਸਿਓਲ ਵਿਚ ਹੈ ਤੇ ਤੇਜ਼ੀ ਨਾਲ ਉਭਰਿਆ ਮੱਲ ਸਤੀਸ਼ ਨਿਰਾਸ਼ਾ ਦੇ ਅਖਾੜੇ ਵਿਚ।

ਕੈਂਪ ਵਿਚ ਕਿਸੇ ਬਾਹਰਲੇ ਬੰਦੇ ਦਾ ਜਾਣਾ ਔਖਾ ਹੁੰਦਾ ਹੈ ਤੇ ਇਹੀ ਵਜਹ ਸੀ ਕਿ ਸਤੀਸ਼ ਨਾਲ ਹੋਈ ਬੇਇਨਸਾਫੀ ਦਾ ਦੇਰ ਨਾਲ ਪਤਾ ਲਗਾ, ਪਰ ਅਫਸੋਸ ਦੀ ਗਲ ਹੈ ਕਿ ਇਨਸਾਫ ਲਈ ਉਸ ਨੂੰ, ਉਸ ਦੇ ਘਰਦਿਆਂ, ਕੋਚ ਤੇ ਸਕੂਲ ਨੂੰ ਇਕਲਿਆਂ ਲੜਾਈ ਲੜਨੀ ਪਈ, ਪੰਜਾਬ ਕੁਸ਼ਤੀ ਐਸੋਸੀਏਸ਼ਨ ਦੀ ਕੋਈ ਸਰਗਰਮੀ ਨਜ਼ਰ ਨਹੀਂ ਆਈ। ਇਸ ਨੇ ਖੁਲ੍ਹੇਆਮ ਇਹ ਮੰਗ ਵੀ ਨਹੀਂ ਕੀਤੀ ਕਿ ਭਾਵੇਂ ਸਤੀਸ਼ ਚੁਣਿਆ ਜਾਏ ਜਾਂ ਨਾ, ਪਰ ਟਰਾਇਲ ਜ਼ਰੂਰ ਹੋਣੇ ਚਾਹੀਦੇ ਹਨ। ਸੂਬਾਈ ਐਸੋਸੀਏਸ਼ਨ ਦੀ ਚੁਪੀ ਹੀ ਮੁਖ ਕਾਰਨ ਹੈ ਜਿਸ ਨੇ ਸਤੀਸ਼ ਨੂੰ ਕੌਮਾਂਤਰੀ ਭਲਵਾਨਾਂ ਨਾਲ ਜ਼ੋਰ ਅਜ਼ਮਾਈ ਤੋਂ ਮਹਿਰੂਮ ਰਖਿਆ।

ਇਹ ਗਲ ਗੁੱਝੀ ਨਹੀਂ ਕਿ ਹਰਿਆਣੇ ਦੇ ਸਤੀਸ਼, ਜਿਹੜਾ ਫਗਵਾੜੇ ਪੜ੍ਹਦਾ ਹੈ, ਨੂੰ ਪੰਜਾਬ ਦੇ ਬਹੁਤੇ ਕੁਸ਼ਤੀ ਪ੍ਰਭੂ ਆਪਣਾ ਨਹੀਂ ਸਮਝਦੇ, ਇਹ ਗਲ ਵਖਰੀ ਹੈ ਕਿ ਆਪਣੇ ਪ੍ਰਦਰਸ਼ਨ ਸਦਕਾ ਉਹ ਆਪਣੇ ਆਪ ਨੂੰ ਪੰਜਾਬ ਦੀ ਟੀਮ ਵਿਚ ਸ਼ਾਮਲ ਕਰਨੋਂ ਨਜ਼ਰਅੰਦਾਜ਼ ਕਰਨ ਦਾ ਮੌਕਾ ਨਹੀਂ ਦਿੰਦਾ।

ਏਸੇ ਤਰ੍ਹਾਂ ਹਰਿਆਣਾ ਵਿਚਲੇ ਕੁਝ ਪਤਵੰਤਿਆਂ, ਜਿਹਨਾਂ ਦੀਆਂ ਸਤੀਸ਼ ਦੇ ਘਰਦਿਆਂ ਨੇ ਖੇਡ ਮੰਤਰਾਲੇ ਉਤੇ ਨਿਆਂ ਲਈ ਜ਼ੋਰ ਪਾਉਣ ਲਈ ਸੇਵਾਵਾਂ ਲੈਣੀਆਂ ਚਾਹੀਆਂ ਦਾ ਕਹਿਣਾ ਸੀ "ਅਰੇ ਭਈ ਹੈ ਤੋ ਵੋ ਪੰਜਾਬ ਕਾ, ਹਮਾਰੇ ਸੂਬੇ ਕਾ ਤੋ ਕੋਈ ਨਾਮ ਨਹੀਂ ਹੋਗਾ।"

ਸੋ ਅਖੰਡ ਭਾਰਤ ਵਿਚ ਸਤੀਸ਼ ਨੂੰ ਨਾ ਪੰਜਾਬ ਦਾ ਤੇ ਨਾ ਹਰਿਆਣੇ ਦਾ ਕਬੂਲ ਕੀਤਾ ਗਿਆ।

ਫਗਵਾੜਾ ਦੇ ਆਰੀਆ ਹਾਈ ਸਕੂਲ ਵਲੋਂ ਹਾਲ ਹੀ ਵਿਚ ਦਸਵੀਂ ਕਰਨ ਵਾਲਾ ਸਤੀਸ਼ ਕੌਮੀ ਮੁਕਾਬਲਿਆਂ ਵਿਚ ਕਈ ਤਮਗੇ ਜਿਤ ਚੁਕਾ ਹੈ ਤੇ ਪੰਜਾਬ ਦੇ ਦੋ ਕੌਮੀ ਪ੍ਰਸਿਧੀ ਵਾਲੇ ਦੰਗਲਾਂ ਹੋਲਾ ਮੁਹੱਲਾ ਟੂਰਨਾਮੈਂਟ (ਜਲੰਧਰ) ਤੇ ਮੰਨਣਹਾਣਾ ਦੰਗਲ ਦਾ ਜੇਤੂ ਹੈ। ਮੰਨਣਹਾਣੇ ਵਿਚ ਉਸ ਨੇ ਹਿੰਦ ਦੀ ਪ੍ਰਤੀਨਿਧਤਾ ਕਰਨ ਵਾਲੇ ਜਾਵੇਦ ਨੂੰ ਢਾਹਿਆ ਸੀ।

ਸਿਓਲ ਕੈਂਪ ਨਾਲ ਸਬੰਧਤ ਵਿਅਕਤੀਆਂ ਦੀ ਸ਼ੁਰੂ ਤੋਂ ਹੀ ਇਹ ਰਾਇ ਸੀ ਕਿ ਸਤੀਸ਼ ਬਹੁਤ ਵਧੀਆ ਚਲ ਰਿਹਾ ਹੈ। ਸੋਵੀਅਤ ਕੋਚ ਨੇ ਵੀ ਉਸਦੀ ਸਿਫਤ ਕੀਤੀ ਸੀ।

ਪਰ ਸ਼ਾਇਦ ਕੇਵਲ ਉਸਤਾਦਾਂ ਦੀ ਸਿਫਤ ਨਾਲ ਹੀ ਗਲ ਨਹੀਂ ਬਣਦੀ। ਉਪਰਲਿਆਂ ਦੀਆਂ ਗਿਣਤੀਆਂ ਮਿਣਤੀਆਂ ਦੀ ਮਹੱਤਤਾ ਵਧੇਰੇ ਹੁੰਦੀ ਹੈ। ਇਸ ਵੇਲੇ ਪ੍ਰਧਾਨਗੀ ਦੇ ਕਾਰਜ ਨਿਭਾਉਣ ਵਾਲੇ ਵੀ ਪੰਜਾਬ ਨਾਲ ਸਬੰਧਤ ਹਨ। ਇਹ ਠੀਕ ਹੈ ਕਿ ਉਨ੍ਹਾਂ ਨੂੰ ਪੰਜਾਬ ਦੇ ਲਈ ਕਿਸੇ ਹੋਰ ਦਾ ਹੱਕ ਨਹੀਂ ਮਾਰਨਾ ਚਾਹੀਦਾ ਸੀ ਪਰ ਨਿਆਂ ਭਰੇ ਟਰਾਇਲ ਯਕੀਨੀ ਬਣਾਉਣੇ ਤਾਂ ਉਹਨਾਂ ਦਾ ਫਰਜ਼ ਸੀ।

ਦਿਲਚਸਪ ਗੱਲ ਇਹ ਹੈ ਕਿ ਇਸ ਵਾਰ ਦੀ ਕੁਸ਼ਤੀ ਟੀਮ ਦੀ ਚੋਣ ਉਤੇ ਕੋਈ ਬਹੁਤਾ ਰੋਸ ਨਹੀਂ ਪ੍ਰਗਟਾਇਆ ਗਿਆ। ਇਸ ਦਾ ਕਾਰਨ ਇਹ ਨਹੀਂ ਕਿ ਚੋਣ ਲਗਪਗ ਨਿਆਂ ਭਰੀ ਰਹੀ, ਅਸਲ ਕਾਰਨ ਇਹ ਹੈ ਕਿ 'ਇਲਾਕਾਵਾਦ" ਤੇ "ਅਦਾਰਾਵਾਦ" ਦਾ ਬਾਕਾਇਦਾ ਖਿਆਲ ਰਖਿਆ ਗਿਆ।

ਇਹ ਪਹਿਲੀ ਵਾਰ ਹੈ ਕਿ ਭਾਰਤੀ ਕੁਸ਼ਤੀ ਦੇ ਮੋਹਰੀ ਸਮਝੇ ਜਾਣ ਵਾਲੇ ਗੁਰੂ ਹਨੂਮਾਨ ਤੇ ਮਾਸਟਰ ਚੰਦਗੀ ਰਾਮ ਵੀ ਖਾਮੋਸ਼ ਰਹੇ ਜਦ ਕਿ ਪਹਿਲਾਂ ਆਪਣੇ ਆਪਣੇ ਅਖਾੜਿਆਂ ਦੇ ਭਲਵਾਨਾਂ ਨਾਲ ਵਿਤਕਰੇ ਦੀ ਉਹ ਸਦਾ ਹੀ ਸ਼ਿਕਾਇਤ ਕਰਦੇ ਆਏ ਹਨ, ਸਤੀਸ਼ ਦਿੱਲੀ ਦਾ ਹੁੰਦਾ ਤਾਂ ਟੀਮ ਦੀ ਚੋਣ ਬਦਲ ਸਕਦੀ ਸੀ।

ਸੋ ਇਹ ਸਤੀਸ਼ ਦੀ ਕਮਜ਼ੋਰੀ ਨਹੀਂ ਸੀ ਕਿ ਉਹ ਸਿਓਲ ਵਾਲੇ ਜਹਾਜ਼ ਵਿਚ ਨਹੀਂ ਚੜ੍ਹ ਸਕਿਆ, ਸਗੋਂ ਇਹ ਇਲਾਕਾਵਾਦ ਤੇ ਅਦਾਰਾਵਾਦ ਸੀ, ਜਿਸ ਨੇ ਉਸਦੀਆਂ ਲੱਤਾਂ ਖਿੱਚੀਆਂ।

ਭਾਰਤੀ ਜ਼ਿੰਦਗੀ ਦੇ ਹੋਰਨਾਂ ਖੇਤਰਾਂ ਵਾਂਗ ਖੇਡਾਂ ਵਿਚ ਵੀ ਇਲਾਕਾਵਾਦ ਬੁਰੀ ਤਰਾਂ ਘਰ ਕਰ ਚੁਕਿਆ ਹੈ, ਪਹਿਲਾਂ ਤਾਂ ਕੇਂਦਰ ਵਿਚ ਖੇਡ ਮੰਤਰਾਲਾ ਹੀ ਨਹੀਂ ਸੀ ਹੁੰਦਾ, ਪਰ ਜੇ ਬਣਿਆ ਵੀ ਹੈ ਤਾਂ ਉਹ ਵੀ ਖਿਡਾਰੀਆਂ ਨੂੰ ਨਿਆਂ ਪ੍ਰਦਾਨ ਕਰਨ ਵਿਚ ਬਹੁਤੀ ਵਾਰ ਅਸਫਲ ਸਾਬਤ ਹੋ ਰਿਹਾ ਹੈ।

ਖੇਡ ਮੰਤਰਾਲੇ ਕੋਲ ਪਹੁੰਚ ਕਰਨੀ ਅਸਾਨ ਨਹੀਂ।

ਚੰਗਾ ਹੋਵੇਗਾ ਜੇ ਸਰਕਾਰ ਲੋਕ ਅਦਾਲਤਾਂ ਵਾਂਗ ਖਿਡਾਰੀਆਂ ਲਈ ਅਦਾਲਤਾਂ ਬਣਾ ਦੇਵੇ ਜਿਥੇ ਉਹ ਆਪਣੇ ਨਾਲ ਹੋਈ ਵਧੀਕੀ ਬਿਨਾਂ ਖੌਫ ਤੋਂ ਦਸ ਸਕਣ ਤੇ ਉਨਾਂ ਦਾ ਨਿਪਟਾਰਾ ਹੋ ਸਕੇ।

# ਪੰਜਾਬੀ ਲੋਕ ਗੀਤਾਂ ਵਿਚ ਘੁੰਡ

—ਹਰਪਾਲ ਸਨੇਹੀ ਘੱਗਾ—

'ਘੁੰਡ' ਦਾ ਨਾਂ ਬੁੱਲ੍ਹਾਂ ਤੇ ਆਉਂਦਿਆਂ ਹੀ ਕਿਸੇ ਘੁੰਡ ਕੱਢੀ ਬੈਠੀ ਮੁਟਿਆਰ ਦਾ ਤਸੱਵਰ ਅੱਖਾਂ ਸਾਹਮਣੇ ਆ ਜਾਂਦਾ ਹੈ, ਜਿਸਨੇ ਚੰਨ ਵਰਗੇ ਮੁੱਖੜੇ ਨੂੰ ਮਹਿਜ਼ ਨਾਂ-ਮਾਤਰ ਹੀ ਛੁਪਾਇਆ ਹੋਇਆ ਹੁੰਦਾ ਹੈ। ਪੰਜਾਬੀ ਲੋਕ ਸਾਹਿਤ ਅਤੇ ਸਭਿਆਚਾਰਕ ਗੀਤਾਂ ਅਨੁਸਾਰ ਘੁੰਡ ਦੀ ਰਸਮ ਮੁੱਢ ਕਦੀਮਾਂ ਤੋਂ ਚਲੀ ਆਉਂਦੀ ਹੈ। ਇਸ ਨਿਸ਼ਾਨੀ ਦਾ ਮੁੱਖ ਪ੍ਰਯੋਜਨ ਮੂਲ ਰੂਪ ਵਿਚ ਔਰਤ ਦੀ ਇੱਜ਼ਤ ਹੈ, ਜਿਸ ਨੂੰ ਉਸਨੇ ਸਦੀਆਂ ਤੋਂ ਬਰਕਰਾਰ ਰਖਿਆ ਹੋਇਆ ਹੈ। ਉਂਜ ਅੱਜਕੱਲ ਆਧੁਨਿਕਤਾ ਦੀ ਮਾਰ ਹੇਠ ਆ ਜਾਣ ਕਾਰਨ ਇਹ ਘੁੰਡ ਆਪਣੀਆਂ ਪੁਰਾਤਨ ਸਭਿਆਚਾਰਕ ਰਹੁ-ਰੀਤਾਂ ਨੂੰ ਛਿੱਕੇ ਟੰਗ ਰਿਹਾ ਹੈ। ਜਿਸ ਕਰਕੇ ਅਗਾਂਹ ਵਧੂ ਕਸਬਿਆਂ ਜਾਂ ਸ਼ਹਿਰਾਂ 'ਚ ਮੁਟਿਆਰਾਂ ਵਲੋਂ ਇਸ ਨੂੰ ਤਿਲਾਂਜਲੀ ਦਿੱਤੀ ਗਈ ਹੈ। ਉਹਨਾਂ ਕੋਲੋਂ ਘੁੰਡ ਦਾ ਭਾਰ ਆਪਣੇ ਮਨ ਤੇ ਦਿਮਾਗ ਤੇ ਸਹਿ ਨਹੀਂ ਹੁੰਦਾ, ਜਿਸ ਕਰਕੇ ਉਹ ਸਹੁਰੇ ਘਰ ਜਾ ਕੇ ਇਸ ਤੋਂ ਕਿਨਾਰਾ ਕਰ ਲੈਂਦੀਆਂ ਹਨ।

ਪੁਰਾਣੇ ਸਮਿਆਂ 'ਚ ਪਹਿਲਾਂ ਘੁੰਡ ਨੂੰ ਪਿੰਡ ਦੇ ਹਰ ਘਰ 'ਚ ਵਿਸ਼ੇਸ਼ ਇੱਜ਼ਤ ਤੇ ਸਨਮਾਨ ਦੀ ਨਜ਼ਰ ਨਾਲ ਦ੍ਰਿਸ਼ਟੀਮਾਨ ਕੀਤਾ ਜਾਂਦਾ ਸੀ। ਪੱਲਾ ਕਰਕੇ ਕੰਮ ਕਰਨ ਵਾਲੀ ਨੂੰਹ ਨੂੰ ਇੱਜ਼ਤ ਦੀ ਰਖਵਾਲੀ ਕਿਹਾ ਜਾਂਦਾ ਸੀ। ਜੇ ਕਦੇ ਭੁਲ ਭੁਲੇਖੇ ਜਾਂ ਕੰਮ-ਕਾਰ 'ਚ ਕਈ ਵਾਰ ਮਸ਼ਗੂਲ ਹੋਣ ਕਾਰਨ ਕਿਸੇ ਵਡੇਰੇ ਬੰਦੇ ਦੇ ਘਰ ਅਚਾਨਕ ਆ ਜਾਣ ਕਾਰਨ ਉਹ ਘੁੰਡ ਕੱਢਣਾ ਭੁੱਲ ਜਾਂਦੀ ਤਾਂ ਉਸਨੂੰ ਘਰਦਿਆਂ ਦੀ ਨਮੋਸ਼ੀ ਤੇ ਝਿੜਕਾਂ ਦਾ ਸਾਹਮਣਾ ਕਰਨਾ ਪੈਂਦਾ। ਕਿਉਂਕਿ ਔਰਤ ਲਈ ਇਹੀ ਤਾਂ ਇਕ ਸਾਧਨ ਸੀ ਜੋ ਉਸਦੇ ਹੁਸਨ ਤੇ ਇੱਜ਼ਤ ਦੇ ਮਾਣ ਨੂੰ ਬਰਕਰਾਰ ਰੱਖਦਾ ਸੀ।

ਪਰ ਜਿਉਂ ਜਿਉਂ ਮਨੁੱਖ ਤਰੱਕੀ ਕਰਦਾ ਹੋਇਆ ਚੰਨ ਤੇ ਜਾ ਪੁੱਜਾ ਇਨਾਂ ਰਹੁ-ਰੀਤਾਂ ਤੋਂ ਕਿਨਾਰਾ ਕੀਤਾ ਜਾਣ ਲੱਗ ਪਿਆ ਤੇ ਆਧੁਨਿਕਤਾ ਦੀ ਇਹ ਮਿਸਾਲ ਸਾਡੇ ਸਾਹਮਣੇ ਹੈ ਕਿ ਜੇਕਰ ਕੋਈ ਸ਼ਹਿਰਾਂ 'ਚ ਮੁਟਿਆਰ ਜਾਂ ਔਰਤ ਆਪਣੇ ਕਿਸੇ ਵਡੇਰੇ ਮੈਂਬਰ ਦੇ ਨਾਲ ਘੁੰਡ ਕੱਢੀ ਜਾ ਰਹੀ ਹੋਵੇ ਤਾਂ ਓਪਰਾ ਜਿਹਾ ਲਗਦਾ ਹੈ।

ਘੁੰਡ ਜਿੱਥੇ ਔਰਤ ਦੇ ਸੁਹੱਪਣ ਨੂੰ ਬੇਅਦਬ ਨਜ਼ਰਾਂ ਤੋਂ ਬਚਾਉਂਦਾ ਹੈ ਉਥੇ ਉਹ ਕਿਸੇ ਔਰਤ ਦੇ ਬਦਸੂਰਤ ਜਾਂ ਘਟੀਆ ਜਿਹੇ ਚਿਹਰੇ ਨੂੰ ਵੀ ਆਪਣੇ ਪਰਦੇ 'ਚ ਲੁਕੋ ਲੈਂਦਾ ਹੈ। ਸ਼ਾਇਦ ਇਸੇ ਤੱਥ ਤੋਂ ਇਸ ਲੋਕ-ਬੋਲੀ ਨੇ ਜਨਮ ਲਿਆ ਹੋਵੇਗਾ :

'ਜਾਂ ਘੁੰਡ ਕੱਢਦੀ ਬਹੁਤੀ ਸੋਹਣੀ,  
ਜਾਂ ਘੁੰਡ ਕੱਢਦੀ ਕਾਣੀ।'

ਆਧੁਨਿਕ ਯੁੱਗ ਦੀ ਹੋਂਦ ਤੋਂ ਪਹਿਲਾਂ ਵਿਆਹੁਤਾ ਮੁਟਿਆਰ ਨੂੰ ਘੁੰਡ ਦੀਆਂ ਵਲਗਣਾਂ 'ਚ ਘਿਰੇ ਰਹਿਣ ਦੇ ਆਦੇਸ਼ ਦਿੱਤੇ ਜਾਂਦੇ ਸਨ ਮਤੇ ਉਹਦਾ ਸਿਰ ਜਾਂ ਚਿਹਰਾ ਕਿਤੇ ਨੰਗਾ ਨਾ ਹੋ ਜਾਏ ਤੇ ਲੋਕ ਉਹਦੇ ਵੱਲ ਉਂਗਲਾਂ ਕਰਨੀਆਂ ਸ਼ੁਰੂ ਕਰ ਦੇਣ। ਘਰ ਦਾ ਕੋਈ ਵਡੇਰੀ ਉਮਰ ਦਾ ਬੰਦਾ ਜਦੋਂ ਘਰ ਵੜਦਾ ਤਾਂ ਨੂੰਹ ਰਾਣੀ ਨੂੰ ਸੁਚੇਤ ਕਰਨ ਹਿੱਤ ਖੰਘੂਰੇ ਦਾ ਸਹਾਰਾ ਲੈਂਦਾ ਪਰ ਜਦੋਂ ਕਦੇ ਕੋਈ ਜੇਠ ਜਾਂ ਕਈ ਵਾਰ ਸਹੁਰਾ ਜਾਂ ਸਹੁਰੇ ਦਾ ਭਾਈ ਆਦਿ ਬਿਨਾਂ ਖੰਘੂਰਾ ਮਾਰਿਆਂ ਹੀ ਦਹਿਲੀਜ਼ ਪਾਰ ਕਰ ਆਉਂਦਾ ਸੀ ਤਾਂ ਕੰਮ ਕਰਦੀ ਮੁਟਿਆਰ ਨੂੰਹ ਲਈ ਇਕਦਮ ਘੁੰਡ ਕੱਢਣ ਦੀ ਮੁਸੀਬਤ ਆਉਂਦੀ। ਅਚਾਨਕ ਘਰ ਆ ਧਮਕਣ ਦੀ ਇਸ ਆਦਤ ਤੋਂ ਕਈ ਵਾਰ ਜਦੋਂ ਉਹ ਤੰਗ ਆ ਜਾਂਦੀ ਤਾਂ ਉਹਨੂੰ ਇਹ ਕਹਿਣ ਲਈ ਮਜਬੂਰ ਹੋਣਾ ਪੈ ਜਾਂਦਾ :-

'ਦਰ ਵੜਦਾ ਖੰਘੂਰਾ ਨਾ ਮਾਰੇ,  
ਬਾਬੇ ਗਲ ਟੱਲ ਪਾ ਦਿਓ।'

ਵਿਆਹ-ਸ਼ਾਦੀਆਂ 'ਚ ਜਦੋਂ ਖੁਸ਼ੀ ਦੀ ਚਰਮ-ਸੀਮਾਂ ਆਪਣਾ ਰੰਗ ਵਿਖਾ ਰਹੀ ਹੁੰਦੀ ਹੈ ਤਾਂ ਗਿੱਧੇ 'ਚ ਧਮਾਲਾਂ ਪੈਂਦੀਆਂ ਵੇਖ ਕੇ ਹਰ ਮੁਟਿਆਰ ਦੀ ਅੱਡੀ ਥਿਰਕਣ ਲਗ ਜਾਂਦੀ ਹੈ। ਵਿਆਹ 'ਚ ਆਏ ਰਿਸ਼ਤੇਦਾਰ ਗਿੱਧੇ ਦਾ ਆਨੰਦ ਲੁਕਵੇਂ ਢੰਗ ਨਾਲ ਮਾਣਦੇ ਹਨ। ਕੋਈ ਨਵ-ਵਿਆਹੀ ਮੁਟਿਆਰ ਲੋਕ-ਲਾਜ ਤੋਂ ਅਤੇ ਦੇਖ ਰਹੇ ਰਿਸ਼ਤੇਦਾਰਾਂ ਦੀ ਸੰਗ-ਸ਼ਰਮ ਕਰਕੇ ਘੁੰਡ ਕੱਢੀ ਰੱਖਦੀ ਹੈ ਪਰ ਜਦੋਂ ਉਹਦਾ ਦਿਓਰ ਉਹਨੂੰ ਘੁੰਡ ਦੇ ਜਾਲ 'ਚ ਘਿਰੀ ਹੋਈ ਹੀ ਵੇਖਦਾ ਹੈ ਤਾਂ ਉਹ ਉਹਨੂੰ ਆਵਾਜ਼ਾ ਕਸਦਾ ਹੈ :-

'ਨਵੀਂ ਬਹੂ ਮੁਕਲਾਵੇ ਆਈ,  
ਕੁੜਤੀ ਛਾਂਟ ਚਮਕਾ ਕੇ।  
ਨੱਚ ਲੈ ਨੀ ਭਾਬੀ,  
ਘੁੰਡ ਨੂੰ ਪਰੇ ਹਟਾਕੇ।

ਵਾਸਤਵ ਵਿਚ ਘੁੰਡ ਨੂੰ ਸੰਗ-ਸ਼ਰਮ ਦਾ ਰਾਖਾ ਪਰਵਾਨਿਆ ਗਿਆ ਹੈ, ਪਰ ਵੇਂ ਇਸਦੀ ਇਹ ਯਥਾਰਥਕਤਾ ਆਧੁਨਿਕਤਾ ਦੀ ਮੰਡੀ ਨੇ ਨਿਗਲ ਲਈ ਹੈ। ਅੱਜਕੱਲ ਹਰ ਨਵ-ਵਿਆਹੀ ਮੁਟਿਆਰ ਚਾਹੁੰਦੀ ਹੈ ਕਿ ਚੰਗਾ ਹੀ ਹੋਵੇ ਜੇਕਰ ਉਹਦੇ ਸਹੁਰੇ ਘਰ ਕਿਸੇ ਕੋਲੋਂ ਉਹ ਘੁੰਡ ਹੀ ਨਾ ਕੱਢੇ ਕਿਉਂਕਿ ਵਾਰ ਵਾਰ ਘੁੰਡ ਕੱਢਣ ਨਾਲ ਉਹ ਉਕਤਾ ਵੀ ਜਾਂਦੀ ਹੈ ਤੇ ਇਸ ਨੂੰ ਗੁਲਾਮੀ ਸਮਝਦੀ

(ਬਾਕੀ ਸਫਾ 18 ਤੇ)

MURRICK INSURANCE SERVICES LTD.

NARWAL INSURANCE SERVICES LTD



NARWAL
Insurance Services Ltd.
Murrick Insurance Services Ltd.

ICBC AUTOPLAN: New licence plates, Decal renewal, Transfer of ownership, New registrations, Change of coverage
GENERAL: Homeowners, Tenants package, Mobile Home, Travel insurance, Boat
LIFE: Term insurance, Mortgage, Business, Non-smokers diet

autoplan AUTHORIZED AGENT
SENIORS DISCOUNT

OPEN 9 to 5 (Mon.-Fri.)
10-3 Sat.
6415 Main St., at 48th Vancouver
Call NARWAL 325-4744
325-4744

autoplan

PRITPAL SINGH NARWAL
B.A. (Pb.), L.L.B. (Kuk)
Former Advocate & Oath Commissioner
Notary Public
PREFERRED AREA OF PRACTICE
*Conveyancing
*To prepare mortgages
*To prepare contracts
*Translation
*Affidavits
*Power of Attorney
*Basic Will
*Immigration
*Adoption, Etc.
6415 Main St., [at 48th Ave.], Vancouver
325-4744

OPEN
9 A.M. TO 5 P.M. (MON. TO FRI.)
SAT. 10 A.M. TO 3 P.M.

6415 MAIN ST. (at 48th., AVE
VANCOUVER, B.C.

ਵੱਖਵਾਦੀ ਫਿਰਕੂ ਜਨੂੰਨੀਆਂ ਵਿਰੁਧ ਜੂਝ ਕੇ ਸ਼ਹੀਦ ਹੋਣ ਵਾਲਿਆਂ ਦੇ ਪੈਰ ਚਿੰਨ੍ਹਾਂ ਉਤੇ ਸੰਘਰਸ਼ ਕਰ ਰਹੇ ਅਨੇਕਾਂ ਯੋਧਿਆਂ ਵਿਚੋਂ ਇਕ ਸਾਥੀ ਕੁਲਵੰਤ ਸਿੰਘ ਸੰਧੂ ਦੇ ਨਾਂ

**ਐਮ. ਐਸ. 'ਬਾਜੀ'**

ਰੁੱਖੇ ਪ੍ਰਦੇਸੀ
ਚੁਗਿਰਦੇ ਵਿਚ ਘਿਰਿਆ
ਮੈਂ ਇਕ ਦਿਨ
ਵੈਨਕੂਵਰ-ਸਨ
ਰਿਹਾ ਸਾਂ ਪੜ੍ਹ।
ਤੇਰੀ ਤਸਵੀਰ
ਪਹਿਲੇ ਸਫ਼ੇ ਉਪਰ ਦੇਖ
ਮਹਿਕ ਉਠੇ ਜਾਪੇ
ਕਾਗਜ਼ ਦੇ ਪੱਤਰੇ
ਚਮਕ ਉਠੇ ਸਨ
ਅੰਕਿਤ ਹਰਫ਼ !
ਤੇਰੇ ਸਾਹਾਂ ਦੀ ਸੁਗੰਧ ਵਿਚ
ਰੰਗਿਆ ਪਾਇਆ ਸੀ
ਮੈਂ, ਉਹ ਅਖ਼ਬਾਰ
ਉਸ ਦਿਨ !
ਤੇਰੀ ਲੋਕ ਹਿਤੂ
ਲਲਕਾਰ ਪੜ੍ਹਕੇ
ਕੀਤਾ ਸੀ ਅਹਿਸਾਸ
ਕਿ ਤੂੰ ਐਸਾ ਫੁਲ ਏਂ
ਜੋ ਪਤਝੜ ਵਿਚ ਖਿੜਦਾ ਏ।
ਕੱਕਰ ਵਿਚ ਮਹਿਕਦਾ ਏ !
ਚੰਗਾ ਸੀ ਤੂੰ ਉਦੋਂ
ਨਫ਼ਰਤ ਦੇ ਹਨੇਰੇ ਵਿਚ,
ਜਗ ਰਿਹਾ ਚਮੁਖੀਆ ਦੀਵਾ,
ਜਿਸਨੂੰ ਜਨੂੰਨੀ
ਝੱਖੜ ਦੇ ਵਰੋਲੇ
ਸਕਦੇ ਨਹੀਂ ਬੁਝਾ।
ਜਾਪਿਆ ਸੀ ਤੂੰ ਉਦੋਂ
ਮੱਸਿਆ ਵਰਗੇ ਹਨੇਰ ਵਿਚ
ਪੁੰਨਿਆਂ ਦੇ ਚੰਦਰਮੇਂ ਦੀ
ਸੀਤ ਚਾਨਣੀ ਦੀ ਲਹਿਰ।
ਦਿਸਿਆ ਸੀ ਤੂੰ ਉਦੋਂ
ਕਾਲੇ ਬੱਦਲਾਂ ਨਾਲ
ਢਕੇ ਅਕਾਸ਼ ਵਿਚ
ਲਿਸ਼ਕਦੀ ਬਿਜਲੀ
ਦੀ ਲਿਸ਼ਕਾਰ ਵਾਂਗੂੰ
ਜੋ ਗਰਜਦੇ ਬੱਦਲਾਂ
ਤੋਂ ਡਰਕੇ
ਚਾਨਣ ਦੇ ਬੀਜ
ਭਵਿੱਖ ਦੇ ਸਿਆੜਾਂ ਵਿਚ
ਬੀਜਣ ਤੋਂ ਨਹੀਂ ਰੁਕਦੀ !
ਤੂੰ ਭਗਤ ਸਿੰਘ ਦਾ ਵੀਰ ਏ,
ਗੋਬਿੰਦ ਦਾ ਤੀਰ ਏ।
ਜਿਸ ਪ੍ਰਣ ਕੀਤਾ ਏ,
"ਔਰੰਗਜੇਬੀ ਅਨਿਆਂ"
ਦੇ ਸਨਮੁਖ
ਅੜਨ, ਖੜਨ ਤੇ ਚੜਨ ਦਾ।
ਧਰਤੀ ਦੀ ਮਾਂਗ ਵਿਚ
ਮਾਨਵਤਾ ਦੇ ਰੰਗ ਦਾ।
ਸੰਧੂਰ ਭਰਨ ਦਾ।
ਸ਼ਾਬਾਸ਼ — ਬਾਂਕਿਆ ਯਾਰਾ
ਤੈਨੂੰ ਤੇ
ਮਨੁੱਖਤਾ ਦੀ ਮੰਜ਼ਲ ਵਲ
ਵਧ ਰਹੇ ਕਾਫ਼ਲੇ ਨੂੰ
ਪ੍ਰਣਾਮ !
ਮੁਬਾਰਕਬਾਦ !

## ਗ਼ਜ਼ਲ

### ਸੁਰਿੰਦਰ ਸਿੰਘ ਚੋਹਕਾ

ਖੂਨੀ ਤੜਕਾਂ, ਕਾਤਲ ਰਾਤਾਂ, ਸੜਦੀ ਸਿਖਰ ਦੁਪਹਿਰ
ਜੇਰਾ ਹੈ ਤਾਂ ਮੇਰੇ ਸ਼ਹਿਰ 'ਚ ਦੋ ਪਲ ਸੱਜਣਾ ਠਹਿਰ

ਇਹ ਨਹੀਂ ਵੰਗਾਂ ਦਾ ਛਣਕਾਟਾ ਇਹ ਵੰਗਾਂ ਦੀ ਰਿਲ ਮਿਲ
ਮੇਰੇ ਸ਼ਹਿਰ ਦੀ ਦੁਲਹਨ ਉੱਤੇ, ਟੁੱਟਿਆ ਕੇਹਾ ਕਹਿਰ।

ਫਿਰ ਸੁਕਰਾਤ ਨੇ ਜੇਰਾ ਕਰ ਕੇ, ਜ਼ਹਿਰ ਪਿਆਲਾ ਪੀਤਾ,
ਪਰ ਉਹ ਫਿਰ ਵੀ ਜ਼ਿੰਦਾ ਹੈ ਕਿ ਨਕਲੀ ਸੀ ਉਹ ਜ਼ਹਿਰ

ਘਰੋਂ ਨਿਕਲਿਆ ਕੰਤ ਸ਼ਾਮ ਨੂੰ ਸ਼ਾਲਾ ਘਰ ਮੁੜ ਆਵੇ
ਸੱਜ-ਵਿਆਹੀ ਨਾਰ ਨੂੰ ਏਹੋ ਚਿੰਤਾ ਅੱਠੇ ਪਹਿਰ।

ਇਹ ਖਮੋਸ਼ ਰਸਤਿਆਂ ਉੱਤੇ, ਚੁੱਪ ਨੇ ਘੇਰੂ ਪਾਇਆ,
ਇਸ ਘੇਰੂ ਨਾਲ ਘੱਟਾ ਉਡ ਉਡ, ਗਹਿਰੀ ਹੋ ਗਈ ਗਹਿਰ।

# GOYAL THE VIDEO KING

4156 FRASER ST., VANCOUVER, B.C.

PHONE (604) 877-7778

Panasonic ਤੇ TOSHIBA ਦੇ ਮਾਈਕਰੋਵੇਵ ਓਵਨ ਤੁਹਾਨੂੰ ਵੈਨਕੂਵਰ ਵਿਚ ਸਭ ਤੋਂ ਘੱਟ ਕੀਮਤ

# Panasonic



**PC-26P68R** $999

63 cm (26") diagonal Stereo Console TV

- Broadcast Stereo/SAP Reception capability
- Built-in stereo amp with bass/treble/balance controls
- Quintrix II CompuFocus Video System
- 114 channel cable-compatible tuner
- Wireless Remote Control
- Programmable Scan, Rapid-Tune and Sleep Timer
- ColorPilot electronic control
- Modern style design

Designed For 1988 Olympics



**PV-2800B-K**

Omnivision VHS

- New Compact Design
- On-Screen Display Programming
- 119-Channel Digital Quartz Tuning with Auto Set
- Stand-by One-Touch Recording
- High-Speed Omnisearch

Regular $599.95

NOW $449.95

INDIAN DRAMAS — BUNIYAAD, RAMAYAN, TAMAS

WE RELEASE NEW & OLD HINDI/PUNJABI/GUJARATI VIDEO FILMS FROM INDIA & PAKISTAN EVERY WEEK.

GUARANTEED CLEAR VIDEO PRINTS

WE SELL PANASONIC & TOSHIBA AT VERY GOOD PRICES

WE ALSO CARRY 220V ELECTRICALS

DISTRIBUTORS OF ALL MAJOR VIDEO COMPANIES

MAIL ORDER WELCOME!

## ਖੁਸ਼ਖਬਰੀ

ਇਡੀਆ, ਇਂਗਲੈਂਡ ਤੇ ਪਾਕਿਸਤਾਨ ਦੀਆਂ ਵੀਡੀਓ ਕਸੈਟਾਂ ਨੂੰ ਇਥੇ Digital ਨਾਲ ਕਨੇਡੀਅਨ ਸਿਸਟਮ ਵਾਸਤੇ ਬਹੁਤ ਹੀ ਘੱਟ ਕੀਮਤ ਤੇ ਵਧੀਆ ਕੰਮ ਕਰਦੇ ਹਾਂ। ਵੀਡੀਓ ਮਸ਼ੀਨਾ ਬੈਟਰੀਆਂ, ਪ੍ਰੈਸ, ਹੀਟਿੰਗ ਪੈਡ ਤੇ ਬਲੈਂਡਰ ਜੋ ਕਿ ਇਡੀਆ ਤੇ ਪਾਕਿਸਤਾਨ ਵੀ ਚਲ ਸਕਦੇ ਹਨ।

# DIGITAL TRANSFER

....of video cassettes form INDIA, PAKISTAN, EAST AFRICA, FIJI, ENGLAND & EUROPE to local Canadian system and vice versa is done professionally at guaranteed low prices. SAME DAY SERVICE AND PICTURE QUALITY IS GUARANTEED.

## WE'VE THE FOLLOWING PAKISTANI DRAMAS

AFSHAAN, KAVISH, ALIFNOON, RAAT, WAQT, SARAB, TANHAIYAN, HAVELI (Punjabi) AJ DI KAHANI, ANKAHI, ANA, ABABIL, DHOOP KINAREY, CHHAON, KHALIJ, DASTAK, CHHOTI SI DUNIYA, AASMAN YEH KAHAN KI DOSTI, KHWAJA & SONS (Funny), CARAVAN, CHHAON, ANDHERA UJALA, TOTA KAHANI, SATOON, YES SIR NO SIR

(ਸਫਾ 15 ਦੀ ਬਾਕੀ)

ਹੈ। ਸਹੁਰੇ ਕੋਲੋਂ ਵਾਰ ਵਾਰ ਘੁੰਡ ਕੱਢਣ ਨਾਲ ਉਹਦਾ ਦਿਲ ਕਰਦਾ ਹੈ ਕਿ ਉਹ ਘੁੰਡ ਕੱਢਣ ਦੀ ਅਲਖ ਹੀ ਮੁਕਾ ਦੇਵੇ। ਫੇਰ ਨਾ ਰਹੇਗਾ ਬਾਂਸ ਤੇ ਨਾ ਰਹੇਗੀ ਬੰਸਰੀ :-

'ਕੋਰੀ ਕੋਰੀ ਕੂੰਡੀ ਵਿਚ
ਮਿਰਚਾਂ ਰਗੜਾਂ।
ਸਹੁਰੇ ਦੀ ਅੱਖ ਵਿਚ ਪਾ ਦਿੰਨੀ ਆਂ,
ਨੀ ਘੁੰਡ ਕਢਣੇ ਦੀ ਅਲਖ ਮੁਕਾ
ਦਿੰਨੀਆਂ।

ਘੁੰਡ ਦੀ ਅਹਿਮੀਅਤ ਨੂੰ ਵਾਰਿਸ ਸ਼ਾਹ ਨੇ ਵੀ ਪਰਵਾਨਿਆ ਹੈ। ਭਾਵੇਂ ਉਹਨੇ ਘੁੰਡ ਦੇ ਕਈ ਚੰਗੇ ਪੱਖ ਵੀ ਦ੍ਰਿਸ਼ਟਗੋਚਰ ਕੀਤੇ ਹਨ ਤੇ ਕਈ ਮਾੜੇ ਵੀ। ਘੁੰਡ ਚੰਦ ਵਰਗੇ ਹੁਸਨ ਦੀ ਆਬ ਨੂੰ ਛੁਪਾ ਲੈਂਦਾ ਹੈ। ਇਹ ਵਾਰਿਸ ਸ਼ਾਹ ਨੂੰ ਚੁੱਭਦਾ ਹੈ :-

'ਏਸ ਘੁੰਡ ਵਿਚ ਬਹੁਤ ਖੁਆਰੀਆਂ ਨੇ,
ਅੱਗ ਲਾਈਏ ਘੁੰਡ ਨੂੰ ਸਾੜੀਏ ਨੀ।
ਘੁੰਡ ਹੁਸਨ ਦੀ ਆਬ ਛੁਪਾਇ ਲੈਂਦਾ
ਲੰਮੇ ਘੁੰਡ ਵਾਲੀ ਹੜੇ ਮਾਰੀਏ ਨੀ।
ਘੁੰਡ ਅੰਨ੍ਹਿਆਂ ਕਰੇ ਸੁਜਾਖਿਆਂ ਨੂੰ,
ਘੁੰਡ ਲਾਹ ਕੇ ਮੂੰਹ ਤੋਂ ਲਾਹੀਏ ਨੀ।

ਘੁੰਡ ਦੇ ਮਾਧਿਅਮ ਦੁਆਰਾ ਜੇਠ-ਭਰਜਾਈ 'ਚ ਖਾਸ ਕਰਕੇ ਇਕ ਸਾਂਝ ਬਣੀ ਰਹਿੰਦੀ ਹੈ। ਵਾਰ ਵਾਰ ਉਹਦੇ ਸੁੰਦਰ ਚਿਹਰੇ ਤੇ ਨਜ਼ਰਾਂ ਗੱਡ ਕੇ ਰੱਖਣ ਵਾਲੇ ਜੇਠ ਤੋਂ ਆਖਿਰ ਉਹਨੂੰ ਮੂੰਹ ਪਰਾਂ ਕਰਨ ਦੇ ਨਾਲ ਨਾਲ ਪੱਲ ਵੀ ਜ਼ਰੂਰ ਕਰਨਾ ਪੈਂਦਾ ਹੈ :-

'ਘੁੰਡ ਕੱਢਦੀ ਸ਼ਰਮ ਦੀ ਮਾਰੀ,
ਜੇਠ ਦੀ ਨਜ਼ਰ ਬੁਰੀ।

ਘੁੰਡ ਦੇ ਨਾਲ ਗਲ ਜਾਂ ਸਿਰ ਦੇ ਗਹਿਣਿਆਂ ਨੂੰ ਚਾਰ ਚੰਨ ਲੱਗ ਜਾਂਦੇ ਹਨ। ਫੈਸ਼ਨਪਸੰਦ ਕੋਈ ਮੁਟਿਆਰ ਭਾਵੇਂ ਘੁੰਡ ਕੱਢ ਕੇ ਆਪਣੇ ਮਨ ਨੂੰ ਤਸੱਲੀ ਦੇਣ ਦੀ ਅਭਿਵਿਅਕਤੀ ਕਰਦੀ ਹੈ ਪਰ ਇਹਨਾਂ 'ਚੋਂ ਉਹਦੇ ਵੇਖਣਾ ਦਾ ਪ੍ਰੋਗਰਾਮ ਝਲਕਾਰਾ ਆਮ ਮਿਲ ਜਾਂਦਾ ਹੈ।

ਕਈ ਅਣਵਿਆਹੇ (ਜਿਨਾਂ ਨੂੰ 'ਛੜਿਆਂ' ਦਾ ਖਿਤਾਬ ਮੌਸੂਲ ਹੈ) ਜੇਠ ਨਿੱਕੀ ਭਾਬੀ ਦੇ ਚਿਹਰੇ ਦਾ ਜਲਵਾ ਤੱਕਣ ਲਈ ਵਾਰ ਵਾਰ ਤਰਲੇ ਲੈਂਦੇ ਹਨ ਤੇ ਕੋਈ ਨਾ ਕੋਈ ਅਜਿਹਾ ਮਾਧਿਅਮ ਭਾਲਦੇ ਹਨ ਜਿਸ ਨਾਲ ਉਹ ਉਹਦੇ ਖੁੱਲ੍ਹ ਕੇ ਦਰਸ਼ਨ ਕਰ ਸਕਣ। ਉਹਨਾਂ ਦੇ ਤਰਲੇ ਰੂਪੀ ਬੋਲ ਫਿਜ਼ਾ 'ਚ ਹੀ ਫੈਲ ਕੇ ਰਹਿ ਜਾਂਦੇ ਹਨ:-

'ਘੁੰਡ ਚੱਕ ਦੇ ਮਿਹਰ ਅੱਜ ਕਰਦੇ,
ਲੈ ਲੈ ਜਿਹੜਾ ਮੁੱਲ ਲਗਦੇ।

ਪਰ ਉਹ ਘੱਟ ਨਹੀਂ ਹੁੰਦੀ ਜਿਹੜੀ ਘੁੰਡ ਵਰਗੇ ਗਹਿਣੇ ਨੂੰ ਔਹ ਵਗਾਹ ਮਾਰੇ ਤੇ ਕਿਉਂਕਿ ਲੋਕ-ਲਾਜ ਤੇ ਸੰਗ-ਸ਼ਰਮ ਦਾ ਡਰ ਉਹਦੇ ਸਿਰ ਤੇ ਸਵਾਰ ਹੁੰਦਾ ਹੈ। ਹਾਂ ਉਹਦੀਆਂ ਭਾਵਨਾਵਾਂ ਹਾਲ ਵੇਖਣ ਤੇ ਉਹਨੂੰ ਤਰਲੋ-ਮੱਛੀ ਕਰਨ ਦੇ ਪ੍ਰਯੋਜਨ ਹਿਤ ਉਹ ਘੁੰਡ ਜ਼ਰੂਰ ਕੱਢਦੀ ਹੈ ਪਰ ਖ਼ਿਲਿੱਪ ਵਾਲਾ ਪਾਸਾ ਨੰਗਾ ਜ਼ਰੂਰ ਰੱਖਦੀ ਹੈ। ਜੇਠ ਦੀ ਛਾਤੀ ਤੇ ਮੂੰਗ ਜੋ ਦਲਦੀ ਹੋਈ:-

ਜੇਠ ਕੋਲੋਂ ਘੁੰਡ ਕਢਦੀ,
ਨੰਗਾ ਰਖਦੀ ਕਲਿੱਪ ਵਾਲਾ ਪਾਸਾ।

ਗੱਲ ਕੀ, ਘੁੰਡ ਨਾਲ ਜਿੱਥੇ ਸਾਡੀਆਂ ਅਨੇਕਾਂ ਸਭਿਆਚਾਰਕ ਅਤੇ ਲੋਕ ਧਾਰਮਿਕ ਰਹੁ-ਰੀਤਾਂ ਦਾ ਅਟੁੱਟ ਸਬੰਧ ਜੁੜਿਆ ਹੋਇਆ ਹੈ ਉਥੇ ਇਸ ਦੇ ਮਾਧਿਅਮ ਦੁਆਰਾ ਸਾਡੀ ਰਹਿਣੀ-ਬਹਿਣੀ ਤੇ ਸੰਸਕ੍ਰਿਤ ਦੇ ਝਲਕਾਰੇ ਵੀ ਮਿਲਦੇ ਹਨ। ਇਸ ਦਾ ਸਾਡੇ ਲੋਕ ਸਾਹਿਤ ਤੇ ਸਭਿਆਚਾਰਕ ਖੇਤਰ ਵਿਚ ਵਿਸ਼ੇਸ਼ ਤੇ ਅਹਿਮ ਸਥਾਨ ਹੈ। ਜਿਉਂ ਜਿਉਂ ਉਦਯੋਗੀਕਰਣ ਦਾ ਬੋਲ ਬਾਲਾ ਹੁੰਦਾ ਜਾ ਰਿਹਾ ਹੈ, ਘੁੰਡ ਨੂੰ ਕਿੱਲੇ ਤੇ ਟੰਗਿਆ ਜਾ ਰਿਹਾ ਹੈ।

(ਪੰਜਾਬੀ ਫੀਚਰ ਸਰਵਿਸ)

ਦੋਸਤੋ ਅਮਲ ਕੋਈ,
ਕਿਤਾਬ ਦੇ ਵਰਕੇ ਨਹੀਂ
ਪੜ੍ਹ ਕੇ ਅਰਥ,
ਹਜ਼ਮ ਹੋ ਜਾਣਗੇ
ਅਮਲ ਜ਼ਿੰਦਗੀ ਦੀਆਂ—
ਕਰਵਟਾਂ ਚੋਂ ਜਨਮ ਲੈਂਦਾ ਹੈ


ਡੇਲਟਾ ਸਰੀ ਦੀ ਪੰਜਾਬੀ ਮਾਰਕੀਟ ਵਿਚ

**ਸੁਪਰ ਫੋਟੋ ਸਟੂਡੀਓ**

ਪਾਸਪੋਰਟ ਅਤੇ ਵੀਜ਼ਾ ਆਦਿ ਦੀਆਂ ਫੋਟੋ ਪੰਜ ਮਿੰਟ ਵਿੱਚ ਤਿਆਰ

* ਸੁੰਦਰ ਡਵੈਲਪਮੈਂਟ ਲਈ ਰੀਲਾਂ ਸਾਡੇ ਕੋਲ ਲਿਆਓ
* ਪੁਰਾਣੀਆਂ ਫਟੀਆਂ ਤਸਵੀਰਾਂ ਮੁੜ ਨਵੀਆਂ ਕਰਦੇ ਹਾਂ

ਬਲੈਕ ਐਂਡ ਵਾਈਟ ਫੋਟੋ ਕਲਰ ਕੀਤੀਆਂ ਜਾਂਦੀਆਂ ਹਨ



BALBIR SETIA

ਵਿਆਹ ਸ਼ਾਦੀਆਂ ਦੀਆਂ ਖੂਬਸੂਰਤ ਤਸਵੀਰਾਂ

1-16x20-1-11x14-1-8x10 - FREE with wedding Photos (Call for details)

589-4668

SUPER PHOTO STUDIOS

9375 - 120th Street (Scott Rd.), Delta. V4C 6R9



# ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:

**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

# ਘੂਰੀ ਕਹਾਣੀ

–ਤੇਲੂ ਰਾਮ 'ਕੁਹਾੜਾ'

ਜਨਵਰੀ ਦੀ ਠਰੂੰ, ਠਰੂੰ ਕਰਦੀ ਸਵੇਰ ਵਿਚ, ਸੂਰਜ ਵੀ ਮੂੰਹ ਲੁਕਾਈ ਬੈਠਾ ਸੀ। ਚੁਪਾਸੀਂ ਦੂਰ ਦੂਰ ਤਕ ਧੁੰਦ ਪੱਸਰੀ ਹੋਈ ਸੀ। ਮੈਂ ਸਕੂਲ ਪਹੁੰਚਿਆ ਤਾਂ ਕੋਈ ਵੀ ਬੱਚਾ ਨਹੀਂ ਸੀ ਆਇਆ ਹੋਇਆ। ਪਰ, ਸਫਾਈ ਦੀ ਵਾਰੀ ਕਰਨ ਵਾਲੇ ਬੱਚੇ, ਵਿਹੜਾ ਅਤੇ ਕਮਰਾ ਸਾਫ ਕਰਕੇ, ਘਰਾਂ ਨੂੰ ਚਲੇ ਗਏ ਸਨ। ਕਮਰੇ ਅਗਲੇ ਬਰਾਂਡੇ ਵਿਚ, ਸਾਈਕਲ ਖੜਾ ਕਰ, ਮੈਂ ਕਈ ਗੱਲਾਂ ਸੋਚਣ ਲੱਗਿਆ, 'ਇੰਸਪੈਕਸ਼ਨ ਦੀ ਤਿਆਰੀ, ਲਾਜ਼ਮੀ ਵਿਦਿਆ ਦੀਆਂ ਸੂਚੀਆਂ ਬਨਾਉਣੀਆਂ, ਮਾਸਿਕ ਡਾਕ ਤਿਆਰ ਕਰਨੀ, ਸਾਰੀਆਂ ਜਮਾਤਾਂ ਅਤੇ ਫੰਡਾਂ ਦੇ ਰਜਿਸਟਰ ਮੁਕੰਮਲ ਕਰਨੇ, ਕਿੰਨਾ ਕੁਝ ਸੀ ਕਰਨ ਵਾਲਾ, ਇਕੱਲੀ ਜਾਨ ਤੇ ਸੌ ਸਿਆਪਾ ਸਾਰਾ ਸਮਾਂ ਕਿਵੇਂ ਕੋਈ ਬੱਚਿਆਂ ਨੂੰ ਪੜ੍ਹਾ ਲਏਗਾ, ਜਮਾਤਾਂ ਵੀ ਪੰਜ, ਅਖੇ ਪੜ੍ਹਾਈ ਦਾ ਪੱਧਰ ਡਿੱਗ ਰਿਹੈ, ਖੜੇ ਤਾਂ ਕਿਹੜੇ ਥੰਮਾਂ ਦੇ ਸਹਾਰੇ?' ਕਿੰਨਾ ਚਿਰ, ਮੈਂ ਕਿੰਨਾ ਕੁਝ ਸੋਚੀ ਗਿਆ, ਪਰ ਬੱਚਾ ਅਜੇ ਤਕ ਵੀ, ਕੋਈ ਨਹੀਂ ਸੀ ਬਹੁੜਿਆ। ਫਿਰ ਖਿਆਲ ਆਇਆ 'ਐਵੇਂ ਕਿਸੇ ਨੇ ਛੁਟੀ ਦੀ ਅਫਵਾਹ ਨਾ ਉਡਾ ਦਿਤੀ ਹੋਵੇ, ਪਰ ਸੂਰਜ ਵੀ ਕਿਹੜਾ ਦਿਸਿਆ, ਕਈ ਨਿਆਣੇ ਤਾਂ ਵਿਚਾਰੇ, ਸੂਰਜ ਵੇਖਕੇ ਹੀ ਘਰੋਂ ਤੁਰਦੇ ਨੇ...।' ਸੋਚਦਾ, ਸੋਚਦਾ, ਮੈਂ ਅੰਦਰੋਂ ਘੰਟੀ ਕੱਢਕੇ ਵਜਾਉਣ ਲੱਗਿਆ। ਘੰਟੀ ਵਜਾਈ ਜਾਵਾਂ ਤੇ ਆਪਣੇ ਆਪ ਮਿੰਨਾ, ਮਿੰਨਾ ਮੁਸਕਰਾਈ ਜਾਵਾਂ।

'ਪ੍ਰਾਇਮਰੀ ਸਕੂਲ ਵੀ ਆਪਣੇ ਆਪ ਵਿਚ ਰਾਜਧਾਨੀ ਹੁੰਦੇ, ਸੇਵਾਦਾਰ ਤੋਂ ਲੈ ਕੇ, ਅਫਸਰਾਂ ਵਾਲੇ ਸਾਰੇ ਕੰਮ ਆਪ ਹੀ ਕਰਨੇ ਪੈਂਦੇ ਨੇ...।' ਮੈਂ ਸੋਚਣ ਲਗਿਆ।

ਘੰਟੀ ਵੱਜੀ, ਨੇੜਲੇ ਘਰਾਂ ਦੇ ਬੱਚੇ, ਨੱਠੇ ਆਏ। ਫਿਰ ਆਈ ਜਾਣ, ਸਤਿ ਸ੍ਰੀ ਅਕਾਲ ਬੁਲਾਈ ਜਾਣ। ਬਹੁਤ ਸਾਰੇ, ਠੁਰ, ਠੁਰ ਕਰਦੇ, ਨੰਗੇ ਪੈਰੀਂ, ਨੰਗੇ ਸਿਰੀਂ ਬਿਨਾਂ ਸਵੈਟਰਾਂ ਤੋਂ, ਬਿਨਾਂ ਸ਼ਾਲਾਂ ਤੋਂ। ਹੇਠੋਂ ਧਰਤੀ ਠੰਡੀ, ਉਪਰੋਂ ਧੁੰਦ ਠੰਡੀ।

'ਵਿਚਾਰੇ, ਕੁਲਫੀ ਬਣ ਜਾਣਗੇ।' ਸੋਚਕੇ ਮੈਂ ਸਾਰੀਆਂ ਜਮਾਤਾਂ ਨੂੰ ਬਰਾਂਡੇ ਵਿਚ ਬੈਠਣ ਲਈ ਕਹਿਕੇ, ਹਾਜ਼ਰੀ ਲਾਉਣ ਲਗਿਆ।

ਪੰਜਵੀਂ ਵਿਚੋਂ ਕੇਵਲ ਭੀਰਾ ਨਹੀਂ ਸੀ ਆਇਆ। ਮੈਂ, ਵਿਦਿਆਰਥੀਆਂ ਨੂੰ, ਉਸਦੇ ਨਾ ਆਉਣ ਦਾ ਕਾਰਨ ਪੁਛਿਆ। ਇਕ ਨੇ ਕਿਹਾ, 'ਜੀ ਉਹ ਬੱਕਰੀ ਚਾਰਨ ਗਿਆ ਹੋਣੈ।' ਦੂਜੇ ਨੇ ਕਿਹਾ, 'ਜੀ ਉਹ ਚੌਥੀ ਆਲੇ ਸ਼ੰਭੂ ਨਾਲ ਫਿਰਨੀ 'ਚ ਬੰਟੇ ਖੇਲਦਾ ਹੋਣਾ, ਜੀ, ਜੀ, ਉਹ ਵੀ ਨ੍ਹੀਂ ਆਇਆ।' ਤੀਜਾ ਬੋਲਿਆ 'ਜੀ, ਜੀ ਸਾਰੇ ਐਵੇਂ ਕਹਿੰਦੇ ਨੇ ਜੀ, ਝੂਠ ਬੋਲਦੇ ਨੇ ਜੀ, ਉਹ ਕਲ ਕਹਿੰਦਾ ਸੀ, ਆਖਣੇ, ਮੈਂ ਕਲ ਨੂੰ ਸਕੂਲ ਨ੍ਹੀਂ ਜਾਣਾ, ਮਾਸਟਰ ਕੁਟਣਗੇ, ਬਾਪੂ ਕਾਪੀਆਂ ਨ੍ਹੀਂ ਲੈ ਕੇ ਦਿੰਦਾ।'

ਵੱਖਰੇ, ਵੱਖਰੇ, ਉਤਰ ਮੇਰੇ ਦਿਮਾਗ ਵਿਚ ਤੀਰਾਂ ਵਾਂਗ ਖੁੱਭ ਗਏ, ਸੋਚ, ਸੋਚ ਕੇ ਮੈਂ ਚੌਥੀ ਵਾਲੇ ਛਿੰਦੇ ਨੂੰ ਸੱਦਿਆ, ਜੋ ਉਸਦਾ ਗੁਆਂਢੀ ਸੀ ਤੇ ਪੱਕਾ ਆੜੀ ਵੀ। ਛਿੰਦਾ ਚੁਪ ਚਾਪ ਮੇਰੀ ਕੁਰਸੀ ਕੋਲ ਆ ਕੇ ਖੜ ਗਿਆ। ਮੈਂ ਉਸਦੇ ਮੋਢੇ ਨੂੰ ਥਾਪੜਦਿਆਂ ਪੁਛਿਆ, 'ਕਿਉਂ ਬਈ ਕਿਥੇ ਆ ਬਈ ਤੇਰਾ ਆੜੀ ਭੀਰਾ?'

ਛਿੰਦਾ ਸਹਿਮਿਆਂ ਸਹਿਮਿਆਂ ਜਿਹਾ ਬੋਲਿਆ 'ਜੀ, ਜੀ ਉਹ ਤੇ ਉਹਦੀ ਬੀਬੀ ਕਲ ਰਾਈਆਂ ਦੇ ਰਾਹ ਜਾਂਦੇ ਮੈਨੂੰ ਮਿਲੇ ਸੀ, ਉਹ ਵੀ ਕਹਿੰਦੀ ਸੀ ਜੀ, ਜੇ ਮਾਸਟਰ ਪੁਛਣਗੇ, ਕਹਿ ਦਈਂ, ਭੀਰੇ ਨੇ ਹੁਣ ਏਥੇ ਨ੍ਹੀ ਪੜ੍ਹਨਾ, ਹੁਣ ਏਹਨੂੰ ਨਾਨਕੀਂ ਪੜ੍ਹਨ ਲਾ ਦੇਣੈ...।' ਬੋਲਦੇ, ਬੋਲਦੇ, ਛਿੰਦੇ ਦੇ ਚਿਹਰੇ ਉਤੇ ਅਜੀਬ ਜਿਹੀ ਲਾਲੀ ਛਾ ਗਈ। ਮੈਂ ਉਸਨੂੰ ਬੈਠਣ ਲਈ ਕਿਹਾ। ਅਤੇ ਭੀਰੇ ਦਾ 'ਗੱਗਾ' ਲਾ ਕੇ ਰਜਿਸਟਰ ਬੰਦ ਕਰ ਦਿਤਾ।

ਹਵਾ ਵੱਗਣ ਕਾਰਨ ਧੁੰਦ ਘੱਟ ਗਈ ਸੀ। ਹਲਕੀ, ਹਲਕੀ ਧੁੱਪ ਵਿਹੜੇ ਵਿਚ ਵਿਛ ਗਈ ਸੀ। ਮੈਂ ਵਿਦਿਆਰਥੀਆਂ ਨੂੰ ਬਾਹਰ ਧੁੱਪੇ ਬੈਠਣ ਲਈ ਕਿਹਾ ਤਾਂ, ਉਹਨਾਂ ਨੇ ਕਾਹਲੀ, ਕਾਹਲੀ ਰੋੜ ਵਾਲੀਆਂ ਥਾਵਾਂ ਉਤੇ ਬੋਰੀਆਂ ਵਿਛਾ ਲਈਆਂ। ਰੋਜ਼ ਵਾਂਗ ਘਰ ਦੇ ਕੰਮ ਵਾਲੀਆਂ ਕਾਪੀਆਂ ਲੈਕੇ ਸਾਰੇ ਖੜੇ ਹੋਗਏ।

ਮੇਰਾ ਮਨ, ਜਿਵੇਂ ਪੜ੍ਹਾਉਣ ਨੂੰ ਉੱਕਾ ਹੀ ਨਹੀਂ ਸੀ ਕਰਦਾ, ਉਖੜਿਆ, ਉਖੜਿਆ ਜਿਹਾ, ਉਦਾਸ ਉਦਾਸ ਜਿਹਾ, "ਬੈਠ ਜਾਓ, ਠਹਿਰਕੇ ਦੇਖਦਾਂ, ਘਰ ਦਾ ਕੰਮ ਅੱਜ ਤੁਸੀਂ ਬੈਠਕੇ, ਕਲ੍ਹ ਵਾਲੇ ਪਾਠ ਯਾਦ ਕਰ ਲਵੋ।

ਸਾਰੇ ਬੱਚੇ ਖੁਸ਼ੀ ਖੁਸ਼ੀ ਬੈਠਕੇ, ਆਪਣੇ ਆਪਣੇ ਪਾਠ ਯਾਦ ਕਰਨ ਲੱਗ ਪਏ। ਮੈਂ ਚੁੱਪ ਜਿਹਾ ਬੈਠਾ ਰਿਹਾ। ਭਾਵੇਂ ਭੀਰਾ ਗੈਰ ਹਾਜ਼ਰ ਸੀ, ਪਰ ਉਸਦੀ ਭੋਲੀ ਭਾਲੀ ਸੂਰਤ ਮੇਰੀਆਂ ਅੱਖਾਂ ਅੱਗੇ ਘੁੰਮ ਰਹੀ ਸੀ। ਮੈਨੂੰ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਭੀਰਾ, ਅੱਜ ਵੀ ਮੇਰੇ ਸਾਹਮਣੇ ਖੜਾ ਸ਼ਕਾਇਤ ਲਾ ਰਿਹਾ ਹੋਵੇ।

"ਜੀ, ਜੀ ਨਾਹਰਾ ਤੇ ਭਿੰਦਾ ਨ੍ਹੀਂ ਹੱਟਦੇ, ਛੇੜੀਂ ਜਾਂਦੇ ਨੇ ਜੀ...।"

"ਕੀ ਕਹਿੰਦੇ ਨੇ?"

"ਜੀ, ਜੀ, ਗੀਤ ਗਾਕੇ ਛੇੜਦੇ ਨੇ ਜੀ, ਮੁੱਕ੍ਹੀ, ਫੀਮ ਡੱਬੀ 'ਚੋਂ ਯਾਰੋ, ਸਾਡੀ ਰੁੱਸੀ ਫਿਰੇ ਕਰਤਾਰੋ...।'

"ਹੋਰ ਕੀ ਕਹਿੰਦੇ ਨੇ?"

"ਕਦੇ ਮੋਰ, ਮੋਰ, ਕਹਿੰਦੇ ਨੇ, ਜੀ ਕਦੇ ਲੰਗੜਦੀਨ ਕੇਂਦੇ।"

ਅਕਸਰ ਦੂਜੇ ਤੀਜੇ ਦਿਨ, ਕਿਸੇ ਨਾ ਕਿਸੇ ਮੁੰਡੇ ਦੀ ਸ਼ਕਾਇਤ ਉਹ ਲਾਉਂਦਾ। ਮੈਂ ਉਹਨਾਂ ਮੁੰਡਿਆਂ ਨੂੰ ਸੱਦਕੇ ਪੁਛ-ਗਿਛ ਕਰਦਾ, ਉਹ ਆਪਣਾ ਖਹਿੜਾ ਛਡਾਉਣ ਲਈ ਕਹਿੰਦੇ "ਜੀ ਅਸੀਂ ਤਾਂ ਕੁਝ ਨੀ ਕਹਿੰਦੇ, ਅਸੀਂ ਤਾਂ ਜੀ ਗੀਤ ਦੀ ਗਾਉਨੇ ਹੁੰਨੇ ਆਂ......।'

'ਇਹੋ ਜਿਹੇ ਗੀਤ ਨਹੀਂ ਗਾਈਦੇ...।' ਉਹਨਾਂ ਦੇ ਕੰਨ ਖਿੱਚਕੇ, ਘੂਰਕੇ, ਮੈਂ ਬਿਠਾ ਦਿੰਦਾ।

ਇਕ ਦਿਨ ਸਵੇਰੇ, ਸਵੇਰੇ, ਸਕੂਲ ਲੱਗਣ ਪਿਛੋਂ ਮੈਂ ਜਮਾਤ ਵਿਚ ਗਿਆ। ਭੀਰੇ ਨੇ ਕਈ ਮੁੰਡਿਆਂ ਦੇ ਨਾਉਂ ਗਿਣਾਕੇ ਫਿਰ ਉਹੀ ਸ਼ਕਾਇਤ ਲਾਈ, 'ਜੀ ਅੱਜ ਏਹਨਾਂ ਨੇ ਉਹੀ ਗੀਤ ਗਾ ਕੇ ਮੈਨੂੰ ਛੇੜਿਆ, ਨਾਲੇ ਜੀ, ਨਾਲੇ ਜੀ, ਮੇਰੀ ਬੀਬੀ ਦਾ ਨਾਉਂ ਲਈ ਜਾਂਦੇ ਨੇ ਅਜੇ ਵੀ...।"

'ਤੂੰ ਖਿੱਝਿਆ ਨਾ ਕਰ, ਖਿੱਝਕੇ ਨੂੰ ਬਹੁਤਾ, ਖਿਝਾਉਂਦੇ ਨੇ।' ਭੀਰਾ ਮੇਰੀ ਗੱਲ ਸੁਣ ਚੁੱਪ ਹੋ ਕੇ ਫਿਰ ਆਪਣੇ ਥਾਂ ਤੇ ਜਾ ਬੈਠਾ। ਪਰ, ਬੜਾ ਹੀ ਬੇ-ਚੈਨ, ਬੇ-ਸਬਰ ਜਿਹਾ ਦਿਖਾਈ ਦਿੰਦਾ ਸੀ।

ਮੈਂ ਛੇੜ ਦੀ ਖੋਜ ਕਰਨ ਲਈ, ਜੀਤੂ, ਗੋਰੇ ਤੇ ਬੱਬਲੂ ਨੂੰ ਸੱਦਿਆ।

'ਤੁਸੀਂ ਇਹਨੂੰ ਕਿਸੇ ਗੀਤ ਨਾਲ ਕਿਉਂ ਛੇੜਦੇ ਹੋ ਓਏ?' ਮੇਰੀ ਆਵਾਜ਼ ਵਿਚ ਇਸ ਵਾਰ ਗੁੱਸਾ ਸੀ।

ਉਹ ਤਿੰਨੇ ਮੁਸਕਰਾਏ, ਜਿਵੇਂ ਆਪਣੀ ਮੁਸਕਰਾਹਟ ਨਾਲ, ਮੇਰਾ ਸਾਰਾ ਗੁੱਸਾ ਪੀ ਜਾਣਾ ਚਾਹੁੰਦੇ ਹੋਣ।

'ਜੇ ਦੰਦੀਆਂ ਕੱਢੀਆਂ, ਤਾਂ ਇਹਨਾਂ ਨੂੰ ਮੈਂ ਕੱਢਕੇ ਥੋਡੇ ਹੱਥਾਂ ਤੇ ਰੱਖ ਦੂੰ, ਸਮਝੇ, ਦੱਸੋ ਸਾਰੀ ਗੱਲ...।'

'ਜੀ, ਜੀ, ਇਹਦਾ ਬਾਪੂ, ਪੱਕਾ ਅਮਲੀ ਆ ਤੇ ਇਹਦੀ ਬੀਬੀ ਦਾ ਨਾਉਂ ਆ ਕਰਤਾਰੋ, ਏਸੇ ਕਰਕੇ ਇਹ ਖਿੱਝਦਾ।' ਗੋਰਾ ਜਿਵੇਂ ਮੇਰੇ ਇਕੋ ਦਬਕੇ ਨਾਲ ਸਾਰਾ ਕੁਝ ਦੱਸ ਦੇਣਾ ਚਾਹੁੰਦਾ ਹੋਵੇ। ਪਰ, ਬੱਬਲੂ ਵਿਚੋਂ ਹੀ ਬੋਲਿਆ 'ਨਾਲੇ ਜੀ, ਨਾਲੇ ਜੀ, ਹੈ ਜੀ ਇਹਦਾ ਬਾਪੂ, ਇਹਨੂੰ ਤੇ ਇਸਦੀ ਬੀਬੀ ਨੂੰ ਕੁੱਟਦਾ ਵੀ ਰਹਿੰਦਾ ਇਹਦੀ ਬੀਬੀ ਸਾਰਾ ਦਿਨ ਲੋਕਾਂ ਦੇ ਘਰਾਂ ਦਾ ਗੋਹਾ ਕੂੜਾ ਕਰਦੀ ਆ। ਇਹਦਾ ਬਾਪੂ, ਉਹਤੋਂ ਫੀਮ ਲਈ ਪੈਸੇ ਮੰਗਦਾ ਰਹਿੰਦਾ, ਨਾਲੇ ਜੀ ਕੁੱਟਦਾ ਵੀ ਹੁੰਦਾ ਜੀ...।'

ਮੈਂ ਉਹਨਾਂ ਵਲੋਂ ਨਜ਼ਰ ਘੁੰਮਾਈ। ਵਿਚਾਲੇ ਜਿਹੇ ਬੈਠੇ ਭੀਰੇ ਨੂੰ ਦੇਖਣ ਲੱਗਿਆ। ਭੀਰੇ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਰਹੇ ਸਨ।

ਮੈਂ ਉਹਨਾਂ ਤਿੰਨਾਂ ਨੂੰ ਬੈਠਣ ਲਈ

ਕਿਹਾ ਅਤੇ ਕੁਰਸੀ ਤੋਂ ਉਠ ਭੀਰੇ ਕੋਲ ਜਾ, ਉਸਨੂੰ ਬਾਹੋਂ ਫੜ, ਖੜਾ ਕਰ, ਬੁੱਕਲ ਵਿਚ ਲੈ ਲਿਆ। ਉਹ ਫੁੱਟ-ਫੁੱਟ ਕੇ ਰੋਣ ਲੱਗ ਪਿਆ। ਮੈਂ ਉਸਨੂੰ ਥਾਪੀ ਦੇ ਕੇ ਚੁੱਪ ਕਰਾਉਣ ਲੱਗ ਪਿਆ।

ਹਵਾ ਦਾ ਇਕ ਤੇਜ਼ ਸੀਤ ਬੁਲ੍ਹਾ ਆਇਆ। ਟਾਹਲੀ ਦੇ ਪੀਲੇ ਪੱਤੇ ਝੜ, ਝੜ ਨਾਲ ਲੱਗਦੀਆਂ ਕਿਆਰੀਆਂ ਵਿਚਲੇ ਕਮਲ ਫੁੱਲਾਂ ਉਤੇ ਡਿੱਗਣ ਲੱਗੇ।

'ਮਾਸਟਰ ਜੀ, ਸੁਣ ਲੋ ਕਲ੍ਹ ਆਲਾ ਪਾਠ ਯਾਦ ਹੋ ਗਿਆ।' ਜਦੋਂ ਭੋਲੀ ਭਾਲੀ ਜਗਦੀਪ ਨੇ ਮੇਰੇ ਕੋਲ ਆ ਕੇ ਕਿਹਾ ਤਾਂ ਮੇਰੀ ਸੋਚ ਵਿਚੋਂ, ਭੀਰਾ ਘੜੀ ਦੀ ਘੜੀ ਨਿਕਲ ਗਿਆ। ਪਰ, ਮੇਰੇ ਕੰਨਾ ਵਿਚ ਬੋਲ ਗੂੰਜ ਰਹੇ ਸਨ 'ਜੇ ਮਾਸਟਰ ਪੁਛਣਗੇ, ਕਹਿ ਦਈ, ਭੀਰੇ ਨੇ ਇਥੇ ਨੀਂ ਪੜ੍ਹਨਾ, ਇਹਨੂੰ ਤਾਂ ਹੁਣ ਇਹਦੇ ਨਾਨਕੀਂ ਪੜ੍ਹਨ ਲਾ ਦੇਣੈ...।' ਮੈਨੂੰ ਲੱਗ ਰਿਹਾ ਸੀ, ਜਿਵੇਂ ਭੀਰਾ, ਮੇਰੇ ਸਕੂਲ ਦਾ ਹੀਰਾ ਮਿੱਟੀ ਵਿਚ ਰੁਲ ਰਿਹਾ ਹੋਵੇ, ਸਭ ਤੋਂ ਹੁਸ਼ਿਆਰ, ਸ਼ਰੀਫ ਤੇ ਆਗਿਆਕਾਰ ਮੁੰਡਾ। ਮੇਰੇ ਉਤੇ ਉਦਾਸੀ ਹੋਰ ਵੀ ਹਾਵੀ ਹੋ ਗਈ।

ਮੇਰਾ ਜੀ ਕੀਤਾ, ਸਕੂਲੋਂ ਬਾਹਰ ਨਿਕਲ, ਕਿਸੇ ਤੋਂ ਭੀਰੇ ਬਾਬਤ ਪੁੱਛਣ ਲਈ ਜਾਵਾਂ, 'ਜੀ ਕਲ੍ਹ ਵਾਲਾ ਪਾਠ ਸੁਣ ਲਓ...। ਆਖ ਭੋਲੀ-ਭਾਲੀ ਜਗਦੀਪ ਕਾਪੀ ਦੀ ਨੁੱਕਰ ਦੰਦਾਂ ਵਿਚ ਚੱਬਣ ਲੱਗੀ।

'ਸੁਣਦਾਂ ਭਾਈ, ਬਹਿ ਜਾਓ, ਇਕ ਵਾਰੀ ਫੇਰ ਦੇਖ ਲਓ।' ਮੈਂ ਆਨੇ-ਬਹਾਨੇ ਕਰਨ ਲੱਗਿਆ। ਇਕ ਦਮ ਮੇਰੇ ਮਨ ਵਿਚ ਆਇਆ 'ਕਿਉਂ ਨਾ ਭੀਰੇ ਦੇ ਬਾਪੂ ਨੂੰ ਹੀ ਮਿਲਿਆ ਜਾਵੇ, ਉਹਦੇ ਮੁੰਡੇ ਬਾਰਤ ਕੁਝ ਦੱਸਿਆ ਜਾਵੇ, ਕੁਝ ਪੁੱਛਿਆ ਜਾਵੇ।

ਲਾਜ਼ਮੀ ਵਿਦਿਆ ਦੀਆਂ ਸੂਚੀਆਂ ਦਾ ਖਿਆਲ ਆਉਂਦਿਆਂ ਹੀ ਮੈਂ ਸੋਚਿਆ 'ਅੱਜ ਇਹੋ ਕੰਮ ਅਰੰਭਦੇ ਆਂ...ਨਾਲੇ ਭੀਰੇ ਦੇ ਬਾਪੂ ਨੂੰ ਮਿਲ ਲਵਾਂਗੇ।'

ਪਿੰਡ ਦੇ ਉੱਤਰ ਵੱਲ, ਨੀਵੇਂ ਜਿਹੇ ਥਾਉਂ, ਕੁਝ ਮੱਝਾਂ ਧੁੱਪ ਵਿਚ ਖੜੀਆਂ ਸਨ। ਕੱਚੀਆਂ ਗਲੀਆਂ ਵਿਚਲਾ ਪਾਣੀ ਵਿਹੜੇ ਦੇ ਘਰਾਂ ਨੂੰ ਜਾਂਦਾ ਰਾਹ ਰੋਕੀ ਖੜਾ ਸੀ। ਛੋਟੇ, ਛੋਟੇ ਅੱਧੇ-ਪੱਕੇ ਮਕਾਨਾਂ ਤੇ ਥੋੜਾ ਹੱਟਕੇ, ਟਾਹਲੀਆਂ ਦੇ ਪੂਰਬ ਵੱਲ, ਪਾਥੀਆਂ ਦੀਆਂ ਨਿੱਕੀਆਂ ਨਿੱਕੀਆਂ ਗੁਹਾਰੀਆਂ ਲਾਗੇ, ਲਿਬੜੇ, ਨੰਗੇ ਪਿੰਡਿਆਂ ਵਾਲੇ, ਛੋਟੇ, ਛੋਟੇ ਬਾਲ ਰੇਤੇ ਦੇ ਘਰ, ਬਣਾ, ਬਣਾ ਖੇਲ ਰਹੇ ਸਨ। ਉਹਨਾਂ ਦੇ ਪਿੰਡਿਆਂ ਉਤੇ ਕੋਮਲਤਾ ਜਿਵੇਂ ਉੱਕਾ ਹੀ ਨਾ ਹੋਵੇ, ਪਰ, ਚਿਹਰਿਆਂ 'ਚੋ ਫੁੱਟ, ਫੁੱਟ ਪੈਂਦੀ ਮਾਸੂਮੀਅਤ ਮੇਰੇ ਧੁਰ ਅੰਦਰ ਲਹਿ ਗਈ। ਮੈਂ ਕੁਝ ਪਲ ਉਹਨਾਂ ਦੇ ਚਿਹਰਿਆਂ ਵਿਚੋਂ ਉਹਨਾਂ ਦੇ ਧੁੰਦਲੇ ਭਵਿਖ ਦੇ ਨਕਸ਼ ਪੜ੍ਹਨ ਵਿਚ ਗੁਆਚ ਗਿਆ। ਫਿਰ ਰੁੰਡ ਮਰੁੰਡ ਹੋਏ ਰੁੱਖਾਂ ਵੱਲ ਦੇਖ ਮੈਂ ਸੋਚਿਆ ਪਤਝੜ ਸਦਾ ਨਹੀਂ ਰਹਿੰਦੀ...।'

'ਆਜੋ, ਆਜੋ ਕਿਧਰ ਭੁੱਲੇ ਭੁੱਲੇ ਫਿਰਦੇ ਹੋ, ਆਜੋ...।' ਟੁੱਟੀ ਜਿਹੀ ਮੰਜੀ ਉਤੇ ਗੱਠੜੀ ਜਿਹਾ ਬਣਿਆ ਪਿਆ, ਭੀਰੇ ਦਾ ਬਾਪੂ ਮੈਨੂੰ ਹਾਕਾਂ ਮਾਰ ਰਿਹਾ ਸੀ। ਖੇਡ ਰਹੇ ਬੱਚਿਆਂ ਦੇ ਭਵਿੱਖ ਨਾਲੋਂ ਟੁੱਟ ਮੈਂ ਇਕ ਦਮ ਵਰਤਮਾਨ ਵਿਚ ਆ ਗਿਆ। ਹੱਥ ਵਿਚ ਰਜਿਸਟਰ ਫੜੀ ਮੈਂ ਕਾਹਲੇ ਕਾਹਲੇ ਕਦਮੀਂ ਉਸ ਕੋਲ ਪਹੁੰਚ ਗਿਆ।

'ਅੱਜ ਕਿਵੇਂ ਫਿਰਦੇ ਓ...।'

'ਇਕ ਤਾਂ ਭਾਈ ਬਣਾਉਣੀਆਂ ਨੇ ਲਿਸਟਾਂ, ਉਹਨਾਂ ਨਿਆਣਿਆਂ ਦੀਆਂ, ਜਿਹਨਾਂ ਨੇ ਅਗਲੇ ਵਰ੍ਹੇ ਮੇਰੇ ਕੋਲ ਪੜ੍ਹਨ ਲੱਗਣੈ...।'

'ਪਹਿਲਾਂ, ਉਹਨਾਂ ਨੂੰ ਤਾਂ ਸਾਂਭਿਆ ਨੂੰ ਸਾਂਭ ਲੋ, ਜਿਹੜੇ ਐਤਕੀਂ ਪੜ੍ਹਦੇ ਨੇ...।' ਉਸਨੇ ਜਿਵੇਂ ਮੈਨੂੰ ਵਡਾ ਸਾਰਾ ਉਲ੍ਹਾਮਾ ਦਿਤਾ ਹੋਵੇ।

ਮੈਂ ਵੀ ਉਹਦੀ ਗੱਲ ਅਣਸੁਣੀ ਜਿਹੀ ਕਰਕੇ, ਵਿਚਕਾਰੋਂ ਹੀ ਕੱਟ ਦਿੱਤੀ, 'ਦੂਜੇ ਆਇਆਂ ਭਾਈ ਮੈਂ ਤੈਨੂੰ ਮਿਲਣ...।'

'ਮੈਨੂੰ ਮਿਲਣ...' ਉਹ ਹੈਰਾਨ ਹੋਕੇ ਚੇਤੰਨ ਹੋ ਗਿਆ।

'ਹਾਂ, ਹਾਂ ਤੈਨੂੰ ਮਿਲਣ...।'

'ਸ਼ੁਕਰਾ, ਸ਼ੁਕਰਾ ਜੇ ਨਰਾਇਣ ਦੇ ਘਰ ਕੀੜੀ ਆਈ, ਸ਼ੁਕਰਾ ਮਾਲਕਾ...।' ਉਸਦੀ ਗੱਲ ਸੁਣਕੇ, ਮੇਰਾ ਮਿੰਠਾ ਜਿਹਾ ਹਾਸਾ ਨਿਕਲ ਗਿਆ। ਪਰ, ਉਹ ਜਿਵੇਂ ਮੇਰੇ ਹਾਸੇ ਤੋਂ ਬਿਲਕੁਲ ਬੇਖਬਰ ਸੀ।

'ਪੀਣਾ ਕੀ ਆ, ਚਾਹ ਕਿ ਦੁੱਧ... ਉਂ ਤਾਂ ਸਹੁਰੀ ਠੰਡ ਬਹੁਤ ਆ ਅੱਜ, ਚਾਹ ਦੀ ਘੁੱਟ ਈ ਬਣਾ ਲੈਨਾਂ...।'

'ਆਪ ਬਣਾਏਂਗਾ...?'

'ਹੋ...ਘਰ, ਉਹ ਤਾਂ ਸਾਲੀ ਤੁਰ ਗਈ, ਵੱਟ ਜਿਹਾ ਖਾਕੇ ਕਲ੍ਹ ਪੇਕਿਆਂ ਨੂੰ।' ਮੈਂ ਉਸਦੀ ਗੱਲ ਵਿਚੋਂ ਹੀ ਕੱਟ ਦਿੱਤੀ, 'ਮੁੰਡਾ ਵੀ ਨਾਲੇ ਆ...ਹੂੰ ਹੁਸ਼ਿ-ਆਰ ਬੜਾ ਪੜ੍ਹਾਈ ਵਿਚ।'

'ਮੁੰਡਾ' ਸ਼ਬਦ ਸੁਣਦਿਆਂ ਹੀ ਜਿਵੇਂ ਉਹ ਇਕਦਮ ਬਦਲ ਗਿਆ ਹੋਵੇ, 'ਮੈਂ ਸਾਲਾ ਹੁਸਿਆਰ ਫੂਕਣੈ ਕਿ ਗੋਡੇ ਉਤੇ ਲਉਣਾ ਰਗੜਕੇ, ਸਾਰੇ ਪੱਟ ਤਾਂ ਪਾਏ ਈ ਉਹਦੇ ਹੋਏ ਨੇ...ਕਲ੍ਹ ਆਪਣੀ ਮਾਂ ਨਾਲ ਰਲਕੇ ਬਥੇਰੀ ਕੀਤੀ ਆ ਮੇਰੇ ਨਾਲ...।'

ਉਹਦੇ ਗੋਡੇ ਉਤੇ ਪੱਟੀ ਹਲਦੀ, ਜਿਵੇਂ ਮੇਰੇ ਵਲ ਕੌੜ ਕੌੜ ਦੇਖ ਰਹੀ ਹੋਵੇ। ਭੀਰੇ ਦੇ ਬਾਪੂ ਨੇ, ਆਪਣੇ ਕਾਲੇ ਸੁੱਕੇ ਬੁਲ੍ਹਾਂ ਤੇ ਜੀਭ ਫੇਰਦਿਆਂ ਕਹਿਣਾ

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ

SANTORIA
PIZZA
13979-16TH AVE.
IN THE NICHOL PLAZA
DELIVERY AFTER 4:30
CALL 531-2772

Star Drywall
Construction Co. Ltd.
- Complete Drywall Service
- Guaranteed Work
- Free Estimates

Sahib or Nake
Ph. (604) 589-4830
P.O.BOX 639
SURREY, B.C. V3T 5L9

For all your real-estate needs



**Experienced Realtor
In Surrey
Specialising in
Custom-built
New Houses**

# GARY SANGHERA

**Office: 588-9955**

Lakeview Realty Ltd.
10732 King George Hwy. Surrey.

ਸ਼ੁਰੂ ਕੀਤਾ 'ਤੁਸੀਂ' ਮਾਸਟਰ ਕਾਹਦੇ ਬਣੇ ਫਿਰਦੇ ਓ, ਕੰਧਾਂ ਤੇ ਤਾਂ ਲਿਖਦੇ ਓ, ਮਾਂ-ਪਿਓ ਦੀ ਸੇਵਾ ਕਰੋ। ਆਹ ਕਰਤੀ ਮੇਰੀ ਤਾਂ ਸੇਵਾ...।' ਉਸਨੇ, ਆਪਣੇ ਗੋਡੇ ਵਲ ਇਸ਼ਾਰਾ ਕੀਤਾ।

ਮੇਰੀ ਨਜ਼ਰ, ਫਿਰ ਉਸਦੇ ਗੋਡੇ ਵਲ ਚਲੀ ਗਈ, ਅਤੇ ਉਸਦੇ ਮੂੰਹੋਂ ਨਿਕਲਿਆ 'ਸੇਵਾ' ਸ਼ਬਦ ਜਿਵੇਂ ਵੱਟੇ ਵਾਂਗ ਮੇਰੇ ਮੱਥੇ ਵਿਚ ਆ ਕੇ ਲੱਗਿਆ ਹੋਵੇ। ਮੇਰਾ ਧਿਆਨ ਫਿਰ ਉਸਦੀ ਅਗਲੀ ਗੱਲ ਵਲ ਖਿਚਿਆ ਗਿਆ '...ਸੇਵਾ ਤਾਂ ਉਹ ਆਪਣੀ ਮਾਂ ਦੀ ਓ ਕਰੂ...।'

ਉਸਦੀ ਗੱਲ ਸੁਣ, ਮੇਰੇ ਕੋਲੋਂ ਰਿਹਾ ਨਾ ਗਿਆ, 'ਤੂੰ ਭਲਾ ਖਾਣੀ ਕਿਉਂ ਨਹੀਂ ਛਡ ਦਿੰਦਾ...'

ਮੇਰੀ ਗੱਲ ਸੁਣ, ਜਿਵੇਂ ਉਹ ਇਕ ਦਮ ਫਿਰ ਬਦਲ ਗਿਆ ਹੋਵੇ।

ਉਹ ਥੋੜ੍ਹਾ ਜਿਹਾ ਹੱਸਿਆ, ਕਾਲੇ ਕਾਲੇ ਬੁਲ੍ਹਾਂ ਵਿਚੋਂ ਝਾਕਦੇ ਉਸਦੇ ਪੀਲੇ ਪੀਲੇ ਦੰਦ ਜਿਵੇਂ ਉਸਦੇ ਘੋਗੀ ਹੋਣ ਦਾ ਸਬੂਤ ਦੇ ਰਹੇ ਸਨ। ਤੇ ਉਸਦਾ ਹਾਸਾ ਜਿਵੇਂ ਉਸਨੂੰ ਤਰਸ ਦਾ ਪਾਤਰ ਬਣਾ ਰਿਹਾ ਸੀ, 'ਭਲਾ ਹੁਣ ਇਹ ਸਹੁਰੀ ਕਿਵੇਂ ਛਟ ਸਕਦੀ ਆ ਜੀ, ਇਹ ਤਾਂ ਜਮਾਂ ਈ ਹੱਡਾਂ 'ਚ ਰਿਚ ਮਿਚ ਗਈ ਆ, ਮੜ੍ਹੀਆਂ ਤਕ ਨਾਲ ਈ ਜਾਊ।' ਗੱਲ ਕਹਿ ਕੇ ਉਹ ਕਿੰਨਾ ਚਿਰ ਚੁੱਪ ਰਿਹਾ, ਜਿਵੇਂ ਕਿਸੇ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ ਹੋਵੇ। ਮੈਂ ਉਸਦੇ ਕਾਲੇ, ਸੁੱਕੇ ਜਿਹੇ ਚਿਹਰੇ, ਕਰੜ-ਬਰੜ ਦਾਹੜੀ, ਪੀਨਕ ਜਿਹੀ ਵਿਚ ਲੱਗੀਆਂ ਅੱਖਾਂ ਵਲ ਇਕ ਟੱਕ ਲਾ ਕੇ ਵੇਖਦਾ ਰਿਹਾ।

'ਚਾਹ ਲੈ...।' ਪਤਾ ਨਹੀਂ ਉਹ ਕਿਸ ਦੁਨੀਆਂ ਵਿਚੋਂ ਮੁੜਿਆ ਸੀ। ਮੈਂ ਮੁਸਕਰਾ ਕੇ ਕਿਹਾ, 'ਕੋਈ ਗੱਲ ਨਹੀਂ', ਚਾਹ ਵੀ ਪੀਵਾਂਗੇ, ਜਿਊਣ ਜੋਗਿਆ ਤੇ ਡੀਰੇ ਦੀ ਬੀਬੀ...।'

ਉਸਨੇ ਫਿਰ ਮੇਰੀ ਗੱਲ ਵਿਚੋਂ ਕੱਟ ਦਿਤੀ 'ਉਹ ਨਾ ਸਾਲੇ ਇਸ ਘਰ ਵੜਗੇ ਆਕੇ...।' ਕਹਿ ਕੇ ਉਹ ਇਕਦਮ ਫਿਰ ਚੁੱਪ ਹੋ ਗਿਆ। ਜਿਵੇਂ ਫਿਰ ਕਿਸੇ ਦੁਨੀਆਂ ਵਿਚ ਜਾ ਵੜਿਆ ਹੋਵੇ। ਫਿਰ ਉਹ ਦੂਰ ਸਾਹਮਣੇ, ਪਿੰਡ ਵਿਚਲੇ ਇਕ ਉਚੇ ਪੱਕੇ ਚੁਬਾਰੇ ਵੱਲ ਘੂਰੀ ਵੱਟਕੇ, ਵੇਖਦਾ, ਵੇਖਦਾ ਹੌਲੀ ਹੌਲੀ ਬੋਲਿਆ, 'ਉਸ ਵਰ੍ਹੇ ਔਹ ਚੁਬਾਰੇ ਆਲਿਆਂ ਨਾਲ ਮੈਂ ਸਾਂਝੀ ਰਲਿਆ ਹੋਇਆ ਸੀ, ਬਹੁਤਾ ਕੰਮ ਲੈਣ ਦੇ ਮਾਰੇ, ਡੋਰਾ, ਡੋਰਾ ਦੇਣ ਲੱਗ ਪਏ...।'

ਬਾਕੀ ਅਗਲੇ ਅੰਕ

ਪੰਡਤ ਵਿਦਿਆ ਦੇਵ ਲੌਂਗੋਵਾਲ

ਵੋ ਕਿਆ ਸੋਚਤੇ ਥੇ ਵੋ ਕਿਆ ਹੋ ਰਿਹਾ ਹੈ।
ਜੋ ਹਸਤੇ ਥੇ ਮੁਝ ਪਰ ਵੋਹੀ ਰੋ ਰਹੇ ਹੈਂ।
ਜੋਰਾਂ ਕੀ ਤਾਕਤ ਕੋ ਖ਼ਮ ਕਰਨੇ ਵਾਲੇ,
ਵੋ ਤੋ ਅਪਨੀ ਹੀ ਤਾਕਤ ਕੋ ਖ਼ੁਦ ਖੋ ਰਹੇ ਹੈਂ
ਮਜ਼ਦੂਰੋਂ ਕੀ ਖ਼ਾਤਰ ਬਨਾਤੇ ਥੇ ਕਬਰੇਂ,
ਵੋ ਤੋ ਉਨ ਹੀ ਕਬਰੋਂ ਮੇਂ ਖ਼ੁਦ ਸੋ ਰਹੇ ਹੈਂ।
ਜੋ ਕਹਿਤੇ ਥੇ ਕਰ ਦੇਂਗੇ ਕਮਿਊਨਿਜ਼ਮ ਸੁਪਨਾ
ਖ਼ਤਮ ਕਰਨੇ ਵਾਲੇ ਖ਼ਤਮ ਹੋ ਰਹੇ ਹੈਂ।
ਕਹਾਂ ਹੈ ਵੋ ਹਿਟਲਰ, ਮਸੋਲੋਨੀ ਗੋਰਿੰਗ,
ਜੋ ਰਹਿਤੇ ਥੇ ਵੋ ਹੀ ਵਿਦਾ ਹੋ ਰਹੇ ਹੈਂ।
ਵੋ ਕਿਆ ਸੋਚਤੇ ਥੇ ਵੋ ਕਿਆ ਹੋ ਰਹੇ ਹੈਂ
ਜੋ ਹੱਸਤੇ ਥੇ ਮੁਝ ਪਰ ਵੋ ਹੀ ਰੋ ਰਹੇ ਹੈਂ

**BHARTI ART JEWELLERS**

6524, Main Street, At 49 Ave.
Vancouver B. C. Canada V5X-3G9
☎ 3278711 R. 8795610



ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ ਵਿੱਚ ਮਾਹਿਰ ਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ-ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਕੰਨਾ ਤੇ ਨੱਕ ਲਈ ਪਿਨਜ਼ ਵੀ ਬਣਾਉਂਦੇ ਹਾਂ।

**dhannu printing co. ltd.**

**ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:**

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

"FOR ALL YOUR PRINTING NEEDS"

**Ph. Bus. 585-2004** **Res. 585-7916**

10281 - 133A St., SURREY, B.C. V3T 4A1

# ਕਮਿਊਨਿਸਟ-ਧਰਮ ਅਤੇ ਵੱਖਵਾਦੀ, ਅਤਿਵਾਦੀ

**ਗੁਰਨਾਮ ਸਿੰਘ ਸੰਘੇੜਾ**

"ਇਤਿਹਾਸ ਭਾਵੇਂ ਕੋਈ ਭੀ ਮੋੜ ਕੱਟੇ, ਅਸੀਂ ਦਿਲ ਨਹੀਂ ਛੱਡਾਂਗੇ। ਪਰ ਅਸੀਂ ਇਤਿਹਾਸ ਨੂੰ ਕੋਈ ਐਸਾ ਮੋੜ ਨਹੀਂ ਕੱਟਣ ਦਿਆਂਗੇ ਜਿਸ ਵਿਚ ਸਾਡੀ ਅਤੇ ਅਗਾਂਹ ਵਧੂ ਜਮਾਤ ਦੀ ਸ਼ਮੂਲੀਅਤ ਨਾ ਹੋਵੇ।" (ਲੈਨਿਨ)

"ਅਸੀਂ ਇਹ ਮੰਗ ਕਰਦੇ ਹਾਂ ਕਿ ਧਰਮ ਨੂੰ ਸਰਕਾਰ (ਸਟੇਟ) ਦੇ ਸੰਬੰਧ ਵਿਚ ਨਿੱਜੀ ਮਾਮਲਾ ਸਮਝਿਆ ਜਾਵੇ। ਪਰ ਇਸ ਨੂੰ ਕਿਸੇ ਭੀ ਹਾਲਾਤ ਵਿਚ ਸਾਡੇ, ਮਾਰਕਸਵਾਦ ਅਤੇ ਸਾਡੀ ਪਾਰਟੀ ਦੇ ਸੰਬੰਧ ਵਿਚ ਨਿੱਜੀ ਨਹੀਂ ਸਮਝਿਆ ਜਾ ਸਕਦਾ।" (ਲੈਨਿਨ)

(ਨੋਟ : ਇਹ ਚੌਥੀ ਲੜੀ ਸ੍ਰੀ ਹਰਚਰਨ ਸਿੰਘ ਬੈਂਸ, ਪਿਆਰਾ ਸਿੰਘ ਭੋਗਲ ਅਤੇ ਸ੍ਰੀ ਕੰਵਲ ਆਦਿ ਵਲੋਂ ਅਤਿਵਾਦੀ ਵੱਖਵਾਦੀ ਸਿੱਖਾਂ ਦੀ ਵਕਾਲਤ ਦੇ ਸੰਬੰਧ ਵਿਚ ਹੈ।

ਸ੍ਰੀ ਹਰਚਰਨ ਸਿੰਘ ਬੈਂਸ ਆਖਦਾ ਹੈ ਕਿ ਕਮਿਊਨਿਸਟਾਂ ਨੂੰ ਪੰਜਾਬ ਦੇ ਸਿੱਖਾਂ ਦੀ ਧਾਰਮਿਕ ਮਾਨਸਕਤਾ ਤੇ ਅਕਾਲ ਤਖਤ ਵਾਰੇ ਪਤਾ ਨਹੀਂ ਤੇ ਪੁਛਦਾ ਹੈ "ਸ੍ਰੀ ਅਕਾਲ ਤਖਤ ਦੇ ਰੋਲ ਦੀ ਅਹਿਮੀਅਤ ਮੰਨਦੇ ਹਨ ਜਾਂ ਨਹੀਂ ?" ਅੱਗੇ ਲਿਖਦਾ ਹੈ, "ਸ੍ਰੀ ਅਕਾਲ ਤਖਤ ਸਾਹਿਬ ਉਹਨਾਂ ਦੀ ਮਾਨਸਿਕਤਾ ਅਤੇ ਸਮੁੱਚੀ ਸਖਸ਼ੀਅਤ ਦਾ ਇਕ ਅਟੁੱਟ ਅੰਗ ਹੈ।" — "ਇਹ ਅਟੱਲ ਇਲਾਹੀ ਚਿੰਨ ਹੈ" ਅਤੇ "ਉਹ ਧਰਮ ਤੇ ਫਿਰਕਾਪ੍ਰਸਤੀ ਵਿਚ ਫਰਕ ਸਮਝਣ ਤੋਂ ਇਨਕਾਰੀ ਹਨ।" ਸ੍ਰੀ ਭੋਗਲ ਲਿਖਦਾ ਹੈ, "ਜੇ ਅਕਾਲੀ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਮੋਰਚੇ ਲਾਉਂਦੇ ਸਨ ਤਾਂ ਖਾੜਕੂਆਂ ਨੂੰ ਆਪਣੀਆਂ ਗਤੀਵਿਧੀਆਂ ਏਥੋਂ ਚਲਾਉਣ ਤੋਂ ਕਿਵੇਂ ਰੋਕ ਸਕਦੇ ਸਨ — "?

ਅਕਾਲ ਤਖਤ ਦੀ ਅਹਿਮੀਅਤ, ਹਰਿਮੰਦਰ ਸਾਹਿਬ ਦੇ ਸਥਾਨ ਅਤੇ ਵਿਗਿਆਨਕ ਤੌਰ ਤੇ ਧਰਮ ਵਾਰੇ ਸਾਡੇ ਨਾਲੋਂ ਵੱਧ ਕਿਸੇ ਨੂੰ ਗਿਆਨ ਨਹੀਂ। ਅਸੀਂ ਸਮਾਜ ਨੂੰ ਸਮਝਦੇ ਹਾਂ। ਸਮਾਜ ਵਿਚ ਵੱਖ ਵੱਖ ਸਮਾਜੀ ਵੰਡਾਂ ਤੇ ਰਿਸ਼ਤਿਆਂ ਵਾਰੇ ਨਿਰਣਾ ਤੇ ਵਿਸ਼ਲੇਸ਼ਣ ਕਰਦੇ ਹਾਂ। ਜੇ ਕਰ ਕਮਿਊਨਿਸਟਾਂ ਨੇ ਇਨਕਲਾਬ ਲਿਆਉਣਾ ਹੈ ਤਾਂ ਜ਼ਰੂਰੀ ਤੌਰ ਤੇ ਹੀ ਸਮਾਜ ਦੀ ਵਿਗਿਆਨਕ ਸਮਝ ਜ਼ਰੂਰੀ ਹੈ। ਸੋ ਭਾਰਤੀ ਸਮਾਜ ਵਾਰੇ ਸਮਝਣ ਲਈ, ਉਥੇ ਦੇ ਸਮਾਜ, ਕੌਮੀਅਤਾਂ, ਸਭਿਆਚਾਰ, ਧਰਮ, ਜ਼ਾਤ ਪਾਤ ਅਤੇ ਐਥਨਿਕ ਹੋਂਦ ਵਾਰੇ ਸਮਝਦੇ ਹਾਂ। ਅਸੀਂ ਕਿਸੇ ਦੇ ਮਨ ਨੂੰ ਦੁਖਾਉਣਾ ਨਹੀਂ ਚਾਹੁੰਦੇ। ਕਿਸੇ ਦੇ ਧਾਰਮਿਕ ਵਿਸ਼ਵਾਸ਼ ਨੂੰ ਵੱਖਤ ਨਹੀਂ ਕਰਦੇ ਅਤੇ ਨਾ ਹੀ ਸੱਟ ਮਾਰਦੇ ਹਾਂ। ਅਸੀਂ ਨਿੱਜੀ ਧਾਰਮਿਕ ਵਿਸ਼ਵਾਸ ਦਾ ਸਤਿਕਾਰ ਕਰਦੇ ਹਾਂ। ਅਸੀਂ ਧਰਮ ਉਤੇ ਕੋਈ ਪਾਬੰਦੀ ਨਹੀਂ ਚਾਹੁੰਦੇ ਅਤੇ ਹਰ ਘੱਟ ਗਿਣਤੀ ਦੀ ਪੂਰੀ ਸੁਰੱਖਿਅਤ ਚਾਹੁੰਦੇ ਹਾਂ। ਪਰ ਅਸੀਂ ਇਹ ਭੀ ਸਪਸ਼ਟ ਕਰਦੇ ਹਾਂ ਕਿ ਧਰਮ ਸਿਆਸਤ ਵਿਚ ਦਖਲ ਨਾ ਦੇਵੇ। ਜੇ ਕਰ ਧਰਮ ਲੁਟੇਰੀ ਹਾਕਮ ਜਮਾਤ ਦਾ ਸਾਥ ਦਿੰਦਾ ਹੈ ਜਾਂ ਉਹ ਧਾਰਮਿਕ ਵਿਅਕਤੀ ਜਾਂ ਧਾਰਮਿਕ ਅਦਾਰੇ ਮਜ਼ਦੂਰ ਕਿਸਾਨ ਵਿਰੋਧੀ ਲੁਟੇਰੇ ਪ੍ਰਬੰਧ ਨੂੰ ਕਾਇਮ ਰੱਖਣਾ ਚਾਹੁੰਦੇ ਜਾਂ ਮੁੜ ਦੇਸ਼ ਨੂੰ ਗੁਲਾਮ ਬਣਾਉਣ ਲਈ ਹਿੱਸਾ ਪਾਉਂਦੇ ਹਨ ਤਾਂ ਅਵੱਸ਼ ਹੈ ਕਿ ਹਰ ਅਗਾਂਹ ਵਧੂ ਤੇ ਮਜ਼ਦੂਰ ਕਿਸਾਨ ਅਤੇ ਦੇਸ਼ ਹਤੈਸ਼ੀ ਵਿਅਕਤੀ ਉਸ ਵਿਰੁੱਧ ਘੋਲ ਕਰੇਗਾ। ਇਸ ਹੀ ਕਰਕੇ ਆਖਦੇ ਹਾਂ ਕਿ ਧਰਮ ਹਰ ਸਰਕਾਰ ਤੇ ਸਟੇਟ ਦੇ ਸੰਬੰਧ ਵਿਚ ਨਿੱਜੀ ਹੈ ਅਤੇ ਉਹ ਸਿਆਸਤ ਵਿਚ ਦਖਲ ਨਾ ਦੇਵੇ।

ਪਰ ਜੇ ਕਰ ਕੁਝ ਲੋਕ ਧਰਮ ਦੇ ਨਾਮ ਉਪਰ ਦੇਸ਼ ਨੂੰ ਤੋੜਨ ਦੀ ਕੋਸ਼ਿਸ਼ ਕਰਦੇ, ਲੋਕਾਂ ਦਾ ਕਤਲ ਕਰਦੇ ਅਤੇ ਅਕਾਲ ਤਖਤ ਨੂੰ ਹੀ ਹਥਿਆਰ ਬੰਦ ਕਿਲਾ ਬਣਾ ਦਿੰਦੇ ਹਨ, ਤਾਂ ਫਿਰ ਅਹਿਮੀਅਤ ਕੌਣ ਘਟਾਉਂਦਾ ਹੈ ? ਅਤਿਵਾਦੀ ਵੱਖਵਾਦੀ। ਜੋ ਦੁਰਦਸ਼ਾ ਤੁਹਾਡੇ ਅਖੌਤੀ ਖਾੜਕੂਆਂ (ਅਸਲ ਵਿਚ ਦੇਸ਼ ਗਦਾਰਾਂ ਤੇ ਬਦੇਸ਼ੀ ਏਜੰਟਾਂ) ਨੇ ਕੀਤੀ ਹੈ, ਉਹ ਸਭ ਲੋਕ ਅਤੇ ਸਿੱਖ ਸੰਗਤਾਂ ਜਾਣਦੀਆਂ ਹਨ। ਸ੍ਰੀ ਅਕਾਲ ਤਖਤ ਨੂੰ ਤਾਂ ਕਿਸੇ ਭੀ ਗੁਰੂ ਨੇ ਫੌਜੀ ਲੜਾਈ ਲਈ ਨਹੀਂ ਵਰਤਿਆ। ਗੁਰੂ ਹਰਿ ਗੋਬਿੰਦ ਜੀ ਭੀ ਇਸ ਤੋਂ ਬਾਹਰ ਜਾ ਕੇ ਲੜੇ। ਕਿਸੇ ਨੇ ਇਸ ਨੂੰ ਮੌਡਰਨ ਹਥਿਆਰਾਂ ਨਾਲ ਲੈਸ ਨਹੀਂ ਕੀਤਾ। ਤੁਹਾਡੇ ਅਖੌਤੀ ਖਾੜਕੂ ਪਰ ਲੋਕ ਦੁਸ਼ਮਣਾਂ ਨੇ ਤਾਂ ਆਪ ਹੀ ਸ੍ਰੀ ਅਕਾਲ ਤਖਤ ਨੂੰ ਅਤੇ ਆਲੇ ਦੁਆਲੇ ਫੌਜੀ ਮੋਰਚਾਬੰਦੀ ਕਰਕੇ ਇਸ ਦੀ ਬੇ-ਹੁਰਮਤੀ ਅਤੇ ਦੁਰਦਸ਼ਾ ਕੀਤੀ। ਉਸ ਦੇ ਮਲਵੇ ਵਿਚ ਆਦਮੀਆਂ ਅਤੇ ਔਰਤਾਂ ਦੀਆਂ ਲਾਸ਼ਾਂ ਮਿਲੀਆਂ ਉਥੇ ਹੀ ਔਰਤਾਂ ਨਾਲ ਭੋਗ ਬਿਲਾਸ ਵਾਰੇ ਖਬਰਾਂ ਦੱਸੀਆਂ ਜਾਂਦੀਆਂ ਹਨ। ਮਹਾਨ ਲਿਖਾਰੀ ਗੋਰਕੀ ਲਿਖਦਾ ਹੈ ਕਿ "ਆਖਦੇ ਹਨ ਪ੍ਰਮਾਤਮਾ ਨੇ ਇਨਸਾਨ ਨੂੰ ਆਪਣੇ ਸਰੂਪ ਵਿਚ ਪੈਦਾ ਕੀਤਾ ਹੈ। ਜਿਸ ਦਾ ਭਾਵ ਹੈ ਇਨਸਾਨ ਪ੍ਰਮਾਤਮਾ ਨਾਲ ਮਿਲਦਾ ਜੁਲਦਾ ਹੋਵੇਗਾ। ਪਰ ਜਾਪਦਾ ਇੰਜ ਹੈ ਕਿ ਅਸੀਂ ਰੱਬ ਦੇ ਸਰੂਪ ਨਾਲੋਂ ਪਸ਼ੂ ਸਰੂਪ ਵਰਗੇ ਹਾਂ।" ਸਿੱਖਾਂ ਦੀ ਭਾਰੂ ਬਹੁ-ਗਿਣਤੀ ਤਾਂ ਇਹਨਾਂ ਅਤਿਵਾਦੀ ਵੱਖਵਾਦੀ ਸਿੱਖਾਂ ਦੇ ਵਿਰੁਧ ਹੈ। ਅਤੇ ਹੁਣ ਤਾਂ ਇਹਨਾਂ ਦੇ ਮੁੜੈਲੀ ਸ੍ਰੀ ਕੰਵਲ ਭੀ ਆਖਣ ਤੇ ਮਜ਼ਬੂਰ ਹਨ ਕਿ ਹੁਣ ਬਹੁਤ ਜ਼ਿਆਦਤੀ ਹੋ ਗਈ ਪਰ ਨਾਲ ਹੀ ਬੜੀ ਚੁਸਤੀ ਨਾਲ ਆਖਦਾ ਹੈ ਕਿ ਮੌਕਾ ਵਿਚਾਰੋ ਤੇ "ਜਦੋ ਜਹਿਦ ਮੁਲਤਵੀ ਕਰੋ" ਅਤੇ "ਤੁਹਾਡੀ ਮੰਜ਼ਲ ਦਸ ਵੀਹ ਸਾਲ ਦਾ ਲੰਮ ਪੰਧ ਲਈ ਖਲੋਤੀ ਹੈ।" (ਭਾਵ ਤੇ ਮੰਤਵ ਤਾਂ ਖਾਲਿਸਤਾਨ ਹੈ ਅਤੇ ਲੰਮੀ ਤਿਆਰੀ ਲਈ ਆਖਦਾ ਹੈ — ਇਸ ਉਪਰ ਜੁਦਾ ਲੇਖ)॥



ਗੁਰਜੋਤ ਬਾਵਾ ਢੀਂਡਸਾ
1983 ਤੋਂ 1987 ਤੱਕ ਟੌਪ ਸੇਲ ਮੈਨ ਐਵਾਰਡ ਜੇਤੂ

GM WESTMINSTER
FOR BEST DEAL & BEST SERVICE
12th. STREET AT QUEENS AVE., NEW WESTMINSTER, B.C.
BUS. 521-7731 PAGER 687-1985 #5531
ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ। ਥੋੜੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ


ਇਹ ਦੇਸ਼ ਵਿਰੋਧੀ ਅਤਿਵਾਦੀ ਵਖਵਾਦੀ ਆਪਣੀਆਂ ਘਟੀਆ ਵਿਉਂਤਾਂ ਨੂੰ ਲੋਕਾਂ ਉਪਰ ਠੋਸਣਾ ਚਾਹੁੰਦੇ ਹਨ। ਸ੍ਰੀ ਭੋਗਲ ਜੀ ਆਖਦੇ ਹਨ ਕਿ ਜੇ ਅਕਾਲੀ ਆਪਣੇ ਮੋਰਚੇ ਇਸ ਕੰਪਲੈਕਸ ਵਿਚੋਂ ਲਾ ਸਕਦੇ ਹਨ ਤਾਂ ਫਿਰ ਅਤਿਵਾਦੀ ਆਪਣੀਆਂ ਗਤੀਵਿਧੀਆਂ ਨੂੰ ਕਿਉਂ ਨਹੀਂ। ਇਹ ਤਾਂ ਸਿੱਧੀ ਹੀ ਅਤਿਵਾਦ ਵੱਖਵਾਦ ਦੀ ਹਮਾਇਤ ਹੈ। ਅਕਾਲੀ ਮੋਰਚੇ ਅਮਨਪਸੰਦ, ਦੇਸ਼ ਦੀ ਆਜ਼ਾਦੀ ਲਈ ਜਾਂ ਅਮਨ ਨਾਲ ਸਿੱਖਾਂ ਦੀਆਂ ਭਾਰਤੀ ਸੰਘ ਵਿਚ ਮੰਗਾਂ ਵਾਰੇ ਸਨ। ਪਰ ਇਹਨਾਂ ਦੇ ਦੂਰ ਕਾਰਨਾਮੇ ਅਤੇ ਵਹਿਸ਼ੀ ਹਰਕਤਾਂ ਤੇ ਨਿਰਦੋਸ਼ ਬੱਚੇ ਬੁੱਢਿਆਂ ਤੇ ਔਰਤਾਂ ਦੇ ਕਤਲਾਂ ਲਈ, ਦੇਸ਼ ਨੂੰ ਤੋੜਨ ਲਈ, ਹਥਿਆਰ ਜਮ੍ਹਾਂ ਕਰਕੇ ਕਿਲਾਬੰਦੀ ਕਰਨ ਅਤੇ ਦਰਬਾਰ ਸਾਹਿਬ ਦੀ ਦੁਰਦਸ਼ਾ ਕਰਨ, ਬੇਪਤੀਆਂ ਕਰਨ ਤੇ ਮਲ ਮੂਤਰ ਕਰਕੇ ਮਰਯਾਦਾ ਦੀਆਂ ਧੱਜੀਆਂ ਉਡਾਉਂਦੇ ਹਨ। ਹੈਰਾਨੀ ਹੈ ਕਿ ਇਕ ਬਾਹੋਸ਼ ਬੰਦਾ ਕਿਵੇਂ ਇਸ ਤਰ੍ਹਾਂ ਇਕ ਦੂਜੇ ਦੀ ਤੁਲਨਾ ਕਰ ਸਕਦਾ ਹੈ। ਅਸੀਂ ਆਖਦੇ ਹਾਂ ਧਰਮ ਤੇ ਸਿਆਸਤ ਨੂੰ ਜੁਦਾ ਕਰੋ ਅਤੇ ਇਕ ਦੂਜੇ ਵਿਚ ਦਖਲ ਅੰਦਾਜ਼ੀ ਬੰਦ ਕੀਤੀ ਜਾਵੇ। ਜਦੋਂ ਧਾਰਮਿਕ ਕੱਟੜਪੰਥੀ ਇਸ ਨੂੰ ਇਕੱਠਾ ਕਰਦੇ ਹਨ ਤਾਂ ਫਿਰ ਲੁਟੇਰੀ ਹਾਕਮ ਜਮਾਤ ਭੀ ਇਸ ਨੂੰ ਵਰਤਦੀ ਹੈ। ਪਾਰਟੀ ਪ੍ਰੋਗਰਾਮ ਆਖਦਾ ਹੈ, "ਹਰ ਧਾਰਮਿਕ ਫਿਰਕੇ ਦੇ ਭਾਵੇਂ ਉਹ ਬਹੁ ਗਿਣਤੀ ਵਾਲਾ ਹੈ ਜਾਂ ਘੱਟ ਗਿਣਤੀ ਵਾਲਾ — ਅਤੇ ਜਿਨ੍ਹਾਂ ਦਾ ਕਿਸੇ ਧਰਮ ਵਿਚ ਵਿਸ਼ਵਾਸ਼ ਨਹੀਂ ਸਭਨਾਂ ਦੇ ਜੋ ਮਰਜ਼ੀ ਧਰਮ ਅਪਨਾਉਣ ਜਾਂ ਨਾਸਤਿਕ ਰਹਿਣ ਦੇ ਅਧਿਕਾਰ ਦੀ ਰਾਖੀ ਕਰਦਿਆਂ ਹੋਇਆਂ ਪਾਰਟੀ ਕੌਮ ਦੇ ਸਮਾਜਕ, ਆਰਥਕ, ਰਾਜਨੀਤਕ ਤੇ ਪ੍ਰਬੰਧਕ ਜੀਵਨ ਵਿਚ ਧਰਮ ਦੀ ਕਿਸੇ ਪ੍ਰਕਾਰ ਦੀ ਦਖਲ ਅੰਦਾਜ਼ੀ ਦੇ ਵਿਰੁਧ ਸੰਗਰਾਮ ਕਰੇ — ਇਸ ਦੇ ਨਾਲ ਹੀ ਅਸੀਂ ਘੱਟ ਗਿਣਤੀ ਵਾਲੇ ਧਾਰਮਿਕ ਗਰੁਪਾਂ ਨੂੰ ਦਸਦੇ ਜਾਈਏ ਕਿ ਉਹਨਾਂ ਦੇ ਵਾਜਬ ਅਧਿਕਾਰ ਧਰਮ ਨਿਰਪੇਖਤਾ ਦੇ ਅਸੂਲ ਉਪਰ ਨਿਰੰਤਰ ਅਮਲ ਦੇ ਆਧਾਰ ਉਪਰ ਕਾਇਮ ਰਹਿ ਸਕਦੇ ਤੇ ਸੁਰੱਖਿਅਤ ਹੋ ਸਕਦੇ ਹਨ।" (ਪੈਰਾ - 62)। ਅੱਗੇ ਜਾ ਕੇ ਪੈਰਾ 88 ਵਿਚ, "ਰਾਜਸੀ ਜੀਵਨ ਵਿਚ ਧਾਰਮਿਕ ਸੰਸਥਾਵਾਂ ਦੇ ਦਖਲ ਅੰਦਾਜ਼ੀ ਦੀ ਮਨਾਹੀ ਕਰ ਦਿਤੀ ਜਾਵੇਗੀ। ਧਾਰਮਿਕ ਘੱਟ ਗਿਣਤੀਆਂ ਦੀ ਰੱਖਿਆ ਕੀਤੀ ਜਾਵੇਗੀ ਅਤੇ ਉਹਨਾਂ ਵਿਰੁੱਧ ਹਰ ਕਿਸਮ ਦੇ ਵਿਤਕਰੇ ਦੀ ਮਨਾਹੀ ਕੀਤੀ ਜਾਵੇਗੀ। ਸੋ ਧਰਮ ਤੇ ਸਿਆਸਤ ਨੂੰ ਇਕ ਥਾਂ ਇਕੱਠਾ ਕਰਨਾ ਮਜ਼ਦੂਰ ਜਮਾਤ ਅਤੇ ਅਗਾਂਹ ਵਧੂ ਲਹਿਰ ਦੇ ਵਿਰੁਧ ਜਾਂਦਾ ਹੈ। ਜਮਾਤੀ ਵੰਡ ਵਾਲੇ ਸਮਾਜ ਵਿਚ ਮਜ਼ਦੂਰ ਦੇ ਜਮਾਤੀ ਹਿੱਤਾਂ ਦਾ ਧਰਮ ਤੇ ਜ਼ਾਤ ਆਦਿ ਨਾਲ ਕੋਈ ਸੰਬੰਧ ਨਹੀਂ ਭਾਵੇਂ ਕਿ ਲੋਟੂ ਜਮਾਤ ਤੇ ਹਾਕਮ ਇਹਨਾਂ ਗੱਲਾਂ ਨੂੰ ਆਪਣੇ ਹਿਤਾਂ ਲਈ ਵਰਤਦੇ ਹਨ। ਮਜ਼ਦੂਰਾਂ ਨੂੰ ਗੁਮਰਾਹ ਕਰਕੇ ਪਾੜਦੇ ਤੇ ਮਜ਼ਦੂਰ ਲਹਿਰ ਨੂੰ ਕਮਜ਼ੋਰ ਕਰਦੇ ਹਨ। ਜੇ ਧਾਰਮਿਕ ਵਿਸ਼ਵਾਸ਼ ਰੱਖਦੇ ਹੋਏ ਲੋਕ, ਮਜ਼ਦੂਰ ਲਹਿਰ ਨਾਲ ਅਤੇ ਲੋਟੂ ਪ੍ਰਬੰਧ ਜਾਂ ਹਾਕਮ ਜਮਾਤ ਵਿਰੁਧ ਸਾਥ ਦਿੰਦੇ ਹਨ ਤਾਂ ਬਹੁਤ ਹੀ ਸ਼ਲਾਘਾਯੋਗ ਗੱਲ ਹੈ। ਭਾਵੇਂ ਕਿ ਪਦਾਰਥਵਾਦੀ ਫਲਸਫਾ ਤੇ ਅਧਿਆਤਮਵਾਦੀ ਜਾਂ ਆਦਰਸ਼ਵਾਦੀ ਫਲਸਫਾ ਦਾ ਆਪਸੀ ਕੋਈ ਮੇਲ ਨਹੀਂ। ਪਰ ਜੇ ਕਰ ਧਾਰਮਿਕ ਲੋਕ ਅਗਾਂਹ ਵਧੂ ਕੰਮ ਲਈ, ਏਕਤਾ, ਭਰਾਤਰੀ ਭਾਵ, ਇਨਸਾਫ ਅਤੇ ਲੁੱਟ ਵਿਰੁੱਧ ਖੜ੍ਹਦੇ ਹੋਏ, ਮਜ਼ਦੂਰ ਜਮਾਤ ਦੀ ਏਕਤਾ ਵਿਚ ਹਿੱਸਾ ਪਾਉਂਦੇ ਹਨ ਤਾਂ ਅਸੀਂ ਸਤਿਕਾਰ ਕਰਦੇ ਤੇ ਜੀ ਆਇਆਂ ਆਖਦੇ ਹਨ।

ਧਰਮ ਪ੍ਰਮਾਤਮਾ ਦੀ ਹੋਂਦ ਤੇ ਨਿਰਭਰ ਨਹੀਂ ਬਲਕਿ ਪ੍ਰਮਾਤਮਾ ਦੀ ਹੋਂਦ ਵਿਚ ਯਕੀਨ ਤੇ ਨਿਰਭਰ ਕਰਦਾ ਹੈ। ਵਿਸ਼ਵਾਸ਼ ਤੋਂ ਬਿਨਾਂ ਧਰਮ ਕੁਝ ਨਹੀਂ। ਸੋ ਆਦਰਸ਼ਵਾਦ ਹੈ। ਪਰ ਮਾਰਕਸਵਾਦੀ ਪਦਾਰਥਵਾਦੀ ਹਨ ਅਤੇ ਇਸ ਦੁਨੀਆਂ ਨੂੰ ਠੋਸ ਹਾਲਾਤ ਵਿਚ ਵੇਖਦੇ ਅਤੇ ਸਮੇਂ ਦੇ ਅਨੁਸਾਰ ਹਾਲਾਤ ਨੂੰ ਸਮਝਦੇ ਹਨ। ਮਾਰਕਸ ਨੇ ਲਿਖਿਆ ਕਿ ਹੋਂਦ ਨੂੰ ਇਨਸਾਨ ਦੀ ਸੋਚ ਤੇ ਚੇਤਨਤਾ ਨਿਰਧਾਰਤ ਜਾਂ ਪੈਦਾ ਨਹੀਂ ਕਰਦੀ ਬਲਕਿ ਇਸ ਦੇ ਉਲਟ ਸਮਾਜੀ ਹੋਂਦ ਵਿਚੋਂ ਚੇਤਨਤਾ ਪੈਦਾ ਹੁੰਦੀ ਹੈ। ਧਰਮ ਦੀ ਹੋਂਦ ਤੇ ਜੜ੍ਹਾਂ ਇਸ ਸਮਾਜੀ ਹਾਲਾਤ ਵਿਚ ਹੈ। ਗਿਆਨ ਦੀ ਘਾਟ, ਹਾਲਾਤ ਵਿਚ ਤਰੁੱਟੀਆਂ, ਵਿਗਾੜ ਅਤੇ ਕਮਜ਼ੋਰੀਆਂ ਦੇ ਕਾਰਨ, ਇਹ ਗੱਲ ਪੈਦਾ ਹੋਈ। ਜੇ ਸਾਰੇ ਹਾਲਾਤ ਠੀਕ ਹੋ ਜਾਣ ਅਤੇ ਇਨਸਾਨ ਦੀ ਜਿਸਮਾਨੀ, ਬੌਧਿਕ ਤੇ ਰੂਹਾਨੀ ਤੌਰ ਉਤੇ ਪੂਰੀ ਤੇ ਸਮਤੋਲ ਉਨਤੀ ਜਾਂ ਵਿਕਾਸ ਹੋਣ ਦੇ ਯੋਗ ਤੇ ਪੂਰੇ ਹਾਲਾਤ ਹੋਣ ਤਾਂ ਸਥਿਤੀ ਹੀ ਹੋਰ ਹੋਵੇਗੀ। ਕਮਿਊਨਿਸਟ ਜਮਾਤੀ ਜਦੋ ਜਹਿਦ ਅਤੇ ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਵਿਚ ਵਿਸ਼ਵਾਸ਼ ਰੱਖਦੇ ਹਨ। ਸਾਡਾ ਸਦਾਚਾਰ ਹੈ ਲੋਟੂ ਸਮਾਜ ਨੂੰ ਖਤਮ ਕਰਨਾ। "ਹਰ ਇਨਸਾਨ ਦੀ ਜ਼ਮੀਰ ਉਸ ਦੇ ਗਿਆਨ ਅਤੇ ਜੀਵਨ ਜਾਚ ਤੇ ਨਿਰਭਰ ਕਰਦੀ ਹੈ।" (ਮਾਰਕਸ)। ਉਚੇ ਬੇ-ਗਰਜ਼ ਭਾਵਾਂ ਤੋਂ ਬਿਨਾਂ ਸਿਆਸੀ ਖਿਆਲ ਬੇਕਾਰ ਹੈ ਅਤੇ ਸਹੀ ਚੰਗੇ ਖਿਆਲਾਂ ਤੋਂ ਬਿਨਾਂ ਉਤਮ ਭਾਵ ਭੀ ਵਿਅਰਥ ਹੈ। ਉਚੇ ਵਿਚਾਰ ਤਾਂ ਲੋਕ ਭਲਾਈ ਅਤੇ ਲੋਟੂ ਸਮਾਜ ਨੂੰ ਉਖਾੜ ਕੇ ਮਜ਼ਦੂਰ ਦੀ ਸਰਦਾਰੀ ਵਾਲਾ ਸਮਾਜ ਉਸਾਰਨਾ ਹੈ। ਇਸ ਦਾ ਇਤਿਹਾਸਕ ਪੜਾ, ਠੋਸ ਹਾਲਾਤ ਅਤੇ ਪੈਦਾਵਾਰੀ ਸੰਬੰਧਾਂ ਨਾਲ ਲਿੰਕ ਹੈ। ਜੋ ਕਮਿਊਨਿਸਟਾਂ ਲਈ ਸਿਆਸੀ, ਆਰਥਕ ਅਤੇ ਸਿਧਾਂਤਕ - ਤਿੰਨ ਜਦੋ-ਜਹਿਦਾਂ ਹਨ। ਕਮਿਊਨਿਸਟ ਧਰਮ ਤੇ ਪਾਬੰਦੀ ਲਾਉਣ ਦੇ ਹੱਕ ਵਿਚ ਨਹੀਂ ਅਤੇ ਨਾ ਹੀ ਇਸ ਵਿਰੁਧ ਹੀ ਕੋਈ ਖਾਸ ਜਹਾਦ ਲਾਮਬੰਦ ਕਰਦੇ ਹਾਂ। ਜਦੋਂ ਲੂਇਸ ਬਲੈਂਕ ਦੇ ਪੈਰੋਕਾਰਾਂ ਨੇ ਧਰਮ ਵਿਰੁਧ ਜਹਾਦ/ਜਾਂ ਜੰਗ ਦਾ ਐਲਾਨ ਕੀਤਾ ਤਾਂ ਐਂਗਲਜ਼ ਨੇ (1874 ਵਿਚ) ਉਹਨਾਂ ਲੋਕਾਂ ਦਾ ਮਖੌਲ ਉਡਾਇਆ। ਐਂਗਲਜ਼ ਨੇ ਆਖਿਆ ਕਿ ਇਸ ਨੇ ਤਾਂ ਬਿਸਮਾਰਕ (ਜਰਮਨੀ ਦਾ) ਨੂੰ ਮਾਤ ਪਾ ਦਿੱਤਾ ਹੈ ਅਤੇ ਦਸਿਆ ਕਿ ਇਹਨਾਂ ਨੇ ਭੀ ਬਿਸਮਾਰਕ (ਜਨਮ 1815- ਮੌਤ 1898 ; ਜਰਮਨੀ ਦਾ ਸਹਿਜ਼ਾਦਾ ਤੇ ਚਾਨਸਲਰ) ਦੀ ਪਾਦਰੀਆਂ ਵਿਰੁਧ ਜਹਾਦ ਦੀ ਗਲਤੀ ਨੂੰ ਦੁਹਰਾਇਆ ਹੈ। ਉਸ ਨਾਲ ਲੋਟੂ ਹਾਕਮ, ਕੱਟੜ ਪੰਥੀਆਂ, ਸਾਮਰਾਜੀਆਂ ਅਤੇ ਮਜ਼ਦੂਰ ਦੋਖੀਆਂ ਨੂੰ ਲਾਭ ਹੁੰਦਾ ਹੈ ਕਿਉਂਕਿ ਉਹ ਇਸ ਗੱਲ ਨੂੰ ਭੜਕਾਉਂਦੇ ਤੇ ਵਰਤਦੇ ਹਨ! ਧਾਰਮਿਕ ਕੱਟੜ ਪੰਥੀਆਂ ਤੇ ਫਿਰਕੂਆਂ ਨੂੰ ਹਾਰ ਦੇਣ ਲਈ ਜਮਾਤੀ ਜਦੋ ਜਹਿਦ ਦੀ ਲੋੜ ਹੈ ਅਤੇ ਉਹਨਾਂ ਹਾਲਾਤ ਨੂੰ ਸੁਧਾਰਨਾ ਤੇ ਉਹਨਾਂ ਵਿਚ ਇਨਕਲਾਬੀ ਬਦਲੀ ਲਿਆਉਣੀ ਹੈ ਜਿਹਨਾਂ ਵਿਚ ਧਰਮ ਪਲਦਾ ਹੈ। ਅਸੀਂ ਤਾਂ ਜੀਵਨ ਦੇ ਸੰਘਰਸ਼ ਵਿਚ ਉਹਨਾਂ ਨੂੰ ਸਿਆਸੀ ਤੌਰ ਤੇ ਆਪਣੇ, ਪਰਾਏ ਤੋਂ ਜਾਣੂ ਕਰਾਉਣਾ ਹੈ। ਉਹਨਾਂ ਨੂੰ ਧਰਮ ਦੀਆਂ ਅਸਲੀ ਇਤਿਹਾਸਕ ਤੇ ਆਰਥਕ ਜੜ੍ਹਾਂ ਤੇ ਆਰੰਭ ਵਾਰੇ ਵਿਗਿਆਨਕ ਗਿਆਨ ਤੇ ਸਿਆਸੀ ਚੇਤਨਤਾ ਦੇਣੀ ਹੈ।

ਕਮਿਊਨਿਸਟ ਧਰਮ ਨੂੰ ਖਲਾ ਵਿਚ ਜਾਂ ਅਮੂਰਤ ਢੰਗ ਨਾਲ ਨਹੀਂ ਵੇਖਦੇ, ਭਾਵੇਂ ਮਾਰਕਸ ਨੇ ਆਖਿਆ ਕਿ "ਧਰਮ ਅਫੀਮ ਹੈ" ਪਰ ਇਸ ਦੇ ਪਿੱਛੇ ਇਤਿਹਾਸ ਤੇ ਹਾਲਾਤ ਹਨ। ਪਰ ਨਾਲ ਹੀ ਉਸ ਨੇ, ਐਂਗਲਜ਼ ਅਤੇ ਲੈਨਿਨ ਨੇ ਇਹ ਭੀ ਆਖਿਆ ਕਿ ਧਰਮ ਵਿਚ ਜੰਗੀ ਐਲਾਨ ਨਾਮੇ ਤੇ ਉਸਨੂੰ ਢਾਹੁਣ ਦੇ ਦਮਗਜੇ ਬੇ-ਵਕੂਫੀ ਹਨ। ਸਾਰੇ ਪਦਾਰਥਵਾਦ ਦਾ ਓ, ਅ ਧਰਮ ਨੂੰ ਪਿਛਾੜ ਤੇ ਉਸ ਤੋਂ ਮੁਕਤ ਹੋਣ ਦੀ ਭੀ ਹੈ ਪਰ ਇਸ ਗਲ ਨੂੰ "ਠੋਸ ਅਮਲ ਵਾਲੀ ਜਮਾਤੀ ਲਹਿਰ ਨਾਲ ਜੋੜਨਾ ਸਮਾਜੀ ਜੜ੍ਹਾਂ ਵਾਰੇ ਹੈ। ਸੋ ਲੜਾਈ ਧਰਮ ਵਿਚ ਵਿਸ਼ਵਾਸ਼ ਕਰਨ ਵਾਲੇ ਬੰਦਿਆਂ ਵਿਰੁਧ ਨਹੀਂ। ਕਮਿਊਨਿਸਟ ਵਿਰੋਧ ਵਿਕਾਸੀ ਪਦਾਰਥਵਾਦੀ ਹੈ ਜੋ ਲਫਜ਼ੀ ਪ੍ਰਾਪੇਗੰਡਾ ਤੇ ਨਿਰਭਰ ਨਹੀਂ ਕਰਦਾ ਬਲਕਿ ਇਤਿਹਾਸਕ ਤੌਰ ਤੇ ਠੋਸ ਹਾਲਾਤ ਵਿਚ ਜਮਾਤੀ ਜਦੋ ਜਹਿਦ ਰਾਹੀਂ ਲੜਦਾ ਤੇ ਵਧਦਾ ਹੈ। ਇਸ ਵਿਚੋਂ ਹੀ ਗਿਆਨ ਪ੍ਰਾਪਤ ਹੁੰਦਾ ਹੈ। ਲੈਨਿਨ ਆਖਦਾ ਹੈ ਕਿ ਜੇ ਕਰ ਕੋਈ ਭਾਈ ਜਾਂ ਧਾਰਮਿਕ ਬੰਦੇ ਬੜੀ ਈਮਾਨਦਾਰੀ ਨਾਲ ਪਾਰਟੀ ਨਾਲ ਖੜਦੇ ਜਾਂ ਅਗਾਂਹ ਵਧੂ ਤੇ ਮਜ਼ਦੂਰ ਦੇ ਹੱਕ ਵਿਚ ਤੇ ਭਲਾਈ ਲਈ ਖੜ੍ਹਦੇ ਤੇ ਤੁਰਦੇ ਹਨ ਤਾਂ ਜੀ ਆਇਆਂ ਅਤੇ ਚੰਗੀ ਗਲ ਹੈ। "ਅਸੀਂ ਲੋਕਾਂ ਦਾ ਮਜ਼ਦੂਰਾਂ ਦੇ ਧਾਰਮਿਕ ਵਿਸ਼ਵਾਸ਼ ਨੂੰ ਠੇਸ ਪਹੁੰਚਾਉਣ ਦੇ ਬਿਲਕੁਲ ਵਿਰੁਧ ਹਾਂ।"

(ਲੈਨਿਨ)। ਮਜ਼ਦੂਰ ਦੇ ਕਲਿਆਣ ਲਈ ਜੋ ਭੀ ਜਿੰਨਾ ਭੀ ਸਾਥ ਦਿੰਦਾ ਹੈ, ਉਹ ਲੈਣਾ ਹੈ। ਪਰ ਵਿਗਿਆਨਕ ਸਿਧਾਂਤ ਦੀ ਕੀਮਤ ਉਤੇ ਕੋਈ ਸਮਝੌਤਾ ਭੀ ਨਹੀਂ ਕਰਨਾ।

ਪਰ ਫਿਰਕਾਪ੍ਰਸਤੀ ਦਾ ਜਨਮ ਾਂ ਧਰਮ ਵਿਚੋਂ ਹੀ ਹੁੰਦਾ ਹੈ ਅਤੇ ਉਸ ਨਾਮ ਉਪਰ ਹੀ ਜ਼ੁਲਮ ਕੀਤੇ ਜਾਂਦੇ ਹਨ। ਫਾਸ਼ੀ ਹਿਟਲਰ ਦੇ ਸਿਪਾਹੀਆ ਦੀਆਂ ਬੈਲਟਾਂ ਉਪਰ ਭੀ ਧਰਮ ਦੇ ਚਿੰਨ ਸਨ। ਚਿੱਲੀ ਦਾ ਫਾਸ਼ੀ ਫੌਜੀ ਡਿਕਟੇਟਰ ਪਿਨੋਚੇ (ਜਿਸ ਨੇ ਜਮਹੂਰੀ ਢੰਗ ਨਾਲ ਚੁਣੀ ਹੋਈ ਐਲੀਐਂਡੇ ਸਰਕਾਰੀ ਫੌਜ ਨਾਲ ਲਾਹੀ ਅਤੇ ਲੱਖਾਂ ਕਮਿਊਨਿਸਟ ਮਾਰੇ) ਭੀ ਧਰਮ ਤੇ ਇਨਸਾਫ ਦੇ ਨਾਮ ਉਪਰ ਹੀ ਕਰਦਾ ਹੈ। ਈਰਾਨ ਦੇ ਖੁਮੇਨੀ ਨੇ ਭੀ ਧਰਮ ਦੇ ਨਾਮ ਉਪਰ ਲੋਕਾਂ ਦਾ ਨੱਕ ਵਿਚ ਦਮ ਲਿਆਂਦਾ ਅਤੇ ਕਮਿਊਨਿਸਟਾਂ ਦਾ ਘਾਣ ਬੱਚਾ ਪੀੜਿਆ ਹੈ ਅਤੇ ਅਗਸਤ ਵਿਚ ਕਮਿਊਨਿਸਟ ਨੇਤਾਵਾਂ ਨੂੰ ਗੋਲੀ ਨਾਲ ਉਡਾਇਆ ਹੈ। ਪੋਪ ਭੀ ਰੋਮ ਵਿਚ ਆਪਣੀ ਡਿਕਟੇਟਰ ਕਰਦਾ ਅਤੇ ਸੀ ਆਈ ਏ ਤੋਂ ਹਰ ਰੋਜ਼ ਸਲਾਹ ਲੈਂਦਾ ਹੈ। ਅਮਰੀਕਾ ਦਾ ਪ੍ਰਧਾਨ ਰੇਗਨ ਭੀ ਈਸਾਈ ਮੱਤ ਦੇ ਨਾਮ ਉਪਰ ਲੋਕਾਂ ਦੇ ਮਨੁੱਖੀ ਹੱਕਾਂ ਤੇ ਛਾਪਾ ਮਾਰਦਾ ਹੈ। ਇੰਡੋਨੇਸ਼ੀਆ ਵਿਚ ਭੀ ਅਮਰੀਕਾ ਦੀ ਸ਼ਹਿ ਨਾਲ ਇਸਲਾਮੀ ਧਰਮ ਦੇ ਨਾਮ ਉਪਰ ਦਸ ਲੱਖ ਕਮਿਊਨਿਸਟ ਸ਼ਹੀਦ ਕੀਤਾ ਸੀ। ਪਾਕਿਸਤਾਨ ਜੋ ਧਰਮ ਦੇ ਨਾਮ ਉਪਰ ਹੈ, ਦੇ ਫੌਜੀ ਡਕਟੇਟਰ (ਮਰਹੂਮ) ਜ਼ੀਆ ਉਲ ਹੱਕ ਨੇ ਪਾਕਿਸਤਾਨ ਦੇ ਚੁਣੇ ਹੋਏ ਪ੍ਰਧਾਨ ਮੰਤਰੀ ਨੂੰ ਫਾਂਸੀ ਦਿੱਤੀ। ਅਰਬ ਦੇਸ਼ਾਂ (ਜੋ ਇਸਲਾਮ ਧਰਮ ਦੇ ਨਾਮ ਉਪਰ ਹਕੂਮਤ ਕਰਦੇ ਹਨ) ਵਿਚ ਗਰੀਬ ਮਜ਼ਦੂਰ ਕਿਸਾਨ (ਜੋ ਮੁਸਲਮਾਨ ਹੀ ਹਨ) ਦੀ ਪੂਰੀ ਲੁੱਟ ਹੁੰਦੀ ਹੈ ਅਤੇ ਜਮਹੂਰੀ ਹੱਕਾਂ ਤੋਂ ਵਾਂਝਾ ਕੀਤਾ ਹੋਇਆ ਹੈ। ਸਰਮਾਏਦਾਰ, ਜਾਗੀਰਦਾਰ ਅਤੇ ਲੋਟੂ ਦਾ ਕੋਈ ਰੰਗ, ਜਾਤ ਜਾਂ ਧਰਮ ਨਹੀਂ। ਬਲਕਿ ਉਸ ਦਾ ਖਾਸਾ ਹੈ ਮੁਨਾਫਾ ਤੇ ਲੁੱਟ ਅਤੇ ਉਸ ਨੇ ਹਰ ਮਜ਼ਦੂਰ ਦੀ ਮਿਹਨਤ ਸ਼ਕਤੀ ਲੁੱਟਣੀ ਹੈ। ਭਾਵੇਂ ਉਹ ਮਜ਼ਦੂਰ ਉਸ ਦੇ ਧਰਮ ਦਾ ਹੈ ਜਾਂ ਨਹੀਂ (ਪਰ ਸ੍ਰੀ ਜਸਵੰਤ ਸਿੰਘ ਕੰਵਲ ਨੂੰ ਇਉਂ ਨਹੀਂ ਦਿਸਦਾ ਜਦੋਂ ਉਹ ਲਿਖਦਾ ਹੈ ਕਿ "ਹਿੰਦੂ ਸਰਮਾਏਦਾਰ — ਮੁਸਲਮਾਨਾਂ ਨੂੰ ਆਪਣੀਆਂ ਮਿਲਾਂ ਲਈ ਮਜ਼ਦੂਰ ਬਣਾ ਕੇ ਰੱਖਣਾ ਚਾਹੁੰਦਾ ਹੈ"। ਕੀ ਭਾਰਤ ਵਿਚ ਕੋਈ ਹਿੰਦੂ ਮਜ਼ਦੂਰ ਨਹੀਂ ਤੇ ਉਸ ਦੀ ਲੁੱਟ ਨਹੀਂ ? ਵਾਹ ਕੰਵਲ ਦੇ ਆਰਥਕ ਅਤੇ ਸਿਆਸੀ ਆਰਥਕਤਾ ਦੇ ਗਿਆਨ ਦੇ!) ਅਸਲ ਵਿਚ ਇਹ ਹੀ ਫਿਰਕਾਪ੍ਰਸਤੀ ਹੈ ਜੋ ਧਰਮ ਵਿਚੋਂ ਨਿਕਲਦੀ ਹੈ।

ਫਿਰਕਾਪ੍ਰਸਤੀ ਲੋਕਾਂ ਨੂੰ ਵੰਡਦੀ, ਮਜ਼ਦੂਰ ਸੰਘਰਸ਼ ਨੂੰ ਕੁਰਾਹੇ ਪਾਉਂਦੀ ਅਤੇ ਕਮਜ਼ੋਰ ਕਰਦੀ ਹੈ ਜਿਸ ਦਾ ਲਾਭ ਸਰਮਾਏਦਾਰ ਅਤੇ ਲੋਟੂ ਹਾਕਮ ਜਮਾਤ ਨੂੰ ਹੁੰਦਾ ਹੈ। ਸੋ ਇਹ ਲੋਕ ਹਾਕਮ ਜਮਾਤ ਦੀ ਹੀ ਸੇਵਾ ਕਰਦੇ ਹਨ। ਜਿਹੜੇ ਹਜ਼ਾਰਾਂ ਲੋਕ ਅਤਿਵਾਦੀ ਵੱਖਵਾਦੀ ਸਿੱਖਾਂ ਨੇ ਪੰਜਾਬ ਵਿਚ ਤੇ ਬਾਹਰ ਮਾਰੇ ਹਨ ਅਤੇ ਮਾਰੇ ਭੀ ਧਰਮ ਦੇ ਨਾਮ ਉਪਰ ਹਨ, ਉਸ ਨੂੰ ਕੀ ਆਖਦੇ ਹੋ ? ਨਾਹਰਾ ਲਾਉਂਦੇ ਹਨ ਕਿ ਇਹ ਸਟੇਟ ਦਾ ਅਤਿਵਾਦ ਹੈ ਤੇ ਉਸ ਦਾ ਵਿਰੋਧ। ਪਰ ਹੋਏ ਹਜ਼ਾਰਾਂ ਹੀ ਕਤਲਾਂ ਦੀ ਤਾਂ ਇਹ ਧਰਮ ਦੇ ਠੇਕੇਦਾਰ ਆਪ ਲੈਂਦੇ ਹਨ। ਸੋ ਇਹਨਾਂ ਅਤਿਵਾਦੀ ਵੱਖਵਾਦੀ ਅਨਸਰਾਂ ਦੀ ਵਕਾਲਤ ਉਹਨਾਂ ਵਲੋਂ ਕਤਲ ਕਰਨ ਨੂੰ ਸਹੀ ਦਸਣਾ ਅਤੇ ਹੋਰ ਕਤਲ ਕਰਨ ਲਈ ਹੱਕ ਮੰਗਣਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਦਾ ਕਤਲ ਤੇ ਹੋਰ ਅਨੇਕਾਂ ਭੀ ਧਰਮ ਦੇ ਨਾਮ ਉਪਰ। ਅਤਿਵਾਦੀ ਵੱਖਵਾਦੀ ਗਰੁਪ ਤਾਂ ਆਪ ਆਖਦੇ ਹਨ ਕਿ ਉਹ ਧਾਰਮਿਕ ਹਨ ਅਤੇ ਉਹ ਹੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਨਿਯਮ ਤੇ ਮਰਯਾਦਾ ਦਸਣਗੇ। ਮੁਸਲਮ ਮੂਲਵਾਦੀ ਅਤੇ ਹਿੰਦੂ ਫਿਰਕੂ ਕੱਟਰਪੰਥੀ ਭੀ ਧਰਮ ਦੇ ਨਾਮ ਉਪਰ ਹੀ ਵੰਡਵਾਦੀ ਫਿਰਕੂ ਜ਼ਹਿਰ ਫੈਲਾ ਕੇ ਫਿਰਕੂ ਫਸਾਦ ਕਰਾਉਂਦੇ ਹਨ। ਕਾਂਗਰਸ ਸਰਕਾਰ ਨੇ ਕਦੇ ਭੀ ਇਸ ਵਿਰੁਧ ਡਟਵਾਂ ਘੋਲ ਹੀ ਨਹੀਂ ਕੀਤਾ ਸਗੋਂ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕੀਤਾ। ਸੋ ਅਸੀਂ ਅਤਿਵਾਦੀ ਵੱਖਵਾਦੀ ਲੋਕਾਂ ਦੇ ਵਕੀਲਾਂ ਤੇ ਤਰਜਮਾਨਾਂ ਨੂੰ ਦਸਦੇ ਹਾਂ ਕਿ ਸਾਨੂੰ ਬਹੁਤ ਚੰਗੀ ਤਰ੍ਹਾਂ ਪਤਾ ਹੈ ਕਿ ਧਰਮ ਕੀ ਤੇ ਫਿਰਕਾਪ੍ਰਸਤੀ ਕੀ ਹੈ। ਫਿਰਕਾਪ੍ਰਸਤੀ ਧਰਮ ਜਾਂ ਜਾਤ ਤੋਂ ਬਿਨਾਂ ਪੈਦਾ ਹੀ ਕਿਵੇਂ ਹੋ ਜਾਊ। ਸਾਡੇ ਤੋਂ ਵੱਧ ਕਿਸ ਨੂੰ ਪਤਾ ਹੋ ਭੀ ਨਹੀਂ ਸਕਦਾ ਕਿਉਂਕਿ ਸਾਨੂੰ ਵਿਗਿਆਨਕ ਫਲਸਫੇ ਦੀ ਸੂਝ ਅਤੇ ਮਜ਼ਦੂਰ ਸੰਘਰਸ਼ ਰਾਹੀਂ ਪ੍ਰਾਪਤ ਹੋਏ ਗਿਆਨ ਦੀ ਸਮਝ ਹੈ।

ਨਾਲ ਹੀ ਇਹ ਕਮਿਊਨਿਸਟ ਅਤੇ ਮਜ਼ਦੂਰ ਹਤੈਸ਼ੀ ਲੋਕ ਹੀ ਹਨ ਜੋ ਧਰਮ ਅਧਾਰਤ ਫਿਰਕਾਪ੍ਰਸਤੀ ਦਾ ਸ਼ਿਕਾਰ ਹੁੰਦੇ ਹਨ। ਪੈਰਿਸ ਕਮਿਊਨ ਤੋਂ ਲੈ ਕੇ ਹੁਣ ਤੱਕ ਤੇ ਹਰ ਥਾਂ ਕਮਿਊਨਿਸਟ ਲੋਕਾਂ ਲਈ ਮੋਹਰਲੀਆਂ ਸਫਾ ਲੜਦੇ ਹਨ ਅਤੇ ਸ਼ਹੀਦ ਹੁੰਦੇ ਹਨ। ਸ੍ਰੀ ਕੰਵਲ ਵਰਗੇ ਮੌਕਾਪ੍ਰਸਤ ਭਗੌੜੇ (ਜੋ ਮੌਕੇ ਅਨੁਸਾਰ ਕਰਵਟ ਬਦਲਦਾ — ਲਹੂ ਦੀ ਲੋਅ ਰਾਹੀਂ ਲੋਅ ਦਾ ਲਹੂ ਕਰਨ ਵਾਲਾ ਅਤੇ ਹੁਣ ਅਖੌਤੀ ਖਾੜਕੂਆਂ (ਅਸਲ ਵਿਚ ਅਤਿਵਾਦੀ ਵੱਖਵਾਦੀ ਵਹਿਸ਼ੀ ਅਨਸਰ) ਨੂੰ ਮੱਤਾਂ ਦੇਣ ਵਾਲਾ ਕਮਿਊਨਿਸਟਾਂ ਨੂੰ ਬੁਜ਼ਦਿਲ ਦਸਦਾ ਹੈ। ਹਾਂ ਜੇ ਸ੍ਰੀ ਕੰਵਲ ਕਮਿਊਨਿਸਟ ਸੀ ਤੇ ਹੁਣ ਭੱਜ ਕੇ ਕਿਤੇ ਹੋਰ ਥਾਂ ਪਹੁੰਚ ਗਿਆ ਤਾਂ ਇਹ ਉਸ ਤੇ ਤਾਂ ਲਾਗੂ ਹੋ ਸਕਦੀ ਹੈ। ਪਰ ਉਹ ਕਮਿਊਨਿਸਟ ਸੀ ਹੀ ਨਹੀਂ (ਜੁਦਾ ਲੇਖ)। ਦੁਨੀਆਂ ਦਾ ਇਤਿਹਾਸ ਦੱਸਦਾ ਹੈ ਕਿ ਫਾਸ਼ੀ ਹਿਟਲਰ ਦੇ ਛੱਕੇ ਛੁਡਾਉਣ ਵਾਲੇ ਕਮਿਊਨਿਸਟ ਹੀ ਸਨ। ਅਮਰੀਕਾ ਤੇ ਬਰਤਾਨੀਆਂ ਤਾਂ ਸੋਵੀਅਤ ਸ਼ੇਰ ਦੀਆਂ ਮਾਰਾਂ ਤੇ ਕਲੂਲ ਕਰਨ ਵਾਲੇ ਸਨ। ਸਪੇਨ ਵਿਚ 1936 ਵਿਚ ਕਮਿਊਨਿਸਟ ਹੀ ਸਨ। ਚਲੋ ਬਾਹਰ ਤੋਂ ਛੱਡਦੇ ਹਾਂ। ਜਿਹਨਾਂ ਦੇਸ਼ ਭਗਤ ਗਦਰੀ ਬਾਬਿਆਂ ਨੂੰ ਫਿਰਕਾਪ੍ਰਸਤੀ ਰਾਹੀਂ ਧਰਮ ਵਿਚ ਖਿਚਣ ਦਾ ਯਤਨ ਕਰਦੇ ਹੋ, ਉਹਨਾਂ ਦੀ ਲਿਖਤਾਂ ਤੇ ਇਤਿਹਾਸ ਹੈ ਕਿ ਉਹਨਾਂ ਵਿਚ ਇੱਕੇ ਦੁੱਕੇ ਨੂੰ ਛੱਡ ਕੇ ਸਭ ਹੀ ਕਮਿਊਨਿਸਟ ਪਾਰਟੀ ਵਿਚ ਗਏ ਜਾਂ ਉਸ ਨਾਲ ਜੁੜੇ। ਦੇਸ਼ ਵਿਚ ਹਰ ਮਜ਼ਦੂਰ ਕਿਸਾਨ ਹਿਤੂ ਲਹਿਰ ਦੀ ਅਗਵਾਈ ਕੀਤੀ ਜਾਂ ਯੋਗਦਾਨ ਪਾਇਆ। ਭਾਰਤ ਵਿਚ 1975-77 ਦੀ ਐਮਰਜੈਂਸੀ ਵਿਰੁਧ ਸਿੱਖਾਂ ਨੇ ਭੀ ਹਿਸਾ ਪਾਇਆ ਪਰ ਭਾਰਤੀ ਪੱਧਰ ਤੇ ਸਭ ਤੋਂ ਵੱਧ ਕਮਿਊਨਿਸਟਾਂ (ਮਾਰਕਸਵਾਦੀ) ਨੇ।

ਅਜ ਭੀ ਭਾਰਤ ਦੀ ਏਕਤਾ ਨੂੰ ਤੋੜਨ ਵਾਲੀਆਂ ਅਤਿਵਾਦੀ ਵੰਡਵਾਦੀ ਤੇ ਫਿਰਕੂ ਜਨੂੰਨੀ ਅਨਸਰਾਂ ਵਿਰੁਧ ਭਾਰਤੀ ਪੱਧਰ ਤੇ ਦੋਵੇਂ ਕਮਿਊਨਿਸਟ ਪਾਰਟੀਆਂ ਸਭ ਤੋਂ ਅੱਗੇ ਹਨ। ਇਹ ਕਮਿਊਨਿਸਟ ਹੀ ਹਨ ਜੋ ਇਹਨਾਂ ਹਨੇਰ ਵਿਰਤੀਆਂ ਰਾਹੀਂ ਸ਼ਹੀਦ ਹੋ ਰਹੇ ਹਨ। ਸਰਭ ਸਾਥੀ ਚੰਨਣ ਸਿੰਘ


**TRU FOODS DISTRIBUTORS LTD.**

**Specializing in Health Foods**

❏ **Vitamins** ■ **Herbs and all East Indian Foods**

PROPRITER **Mander Brothers**

**Tele.(604) 584-7011**

**10705 – King George Hwy Surrey, B.C. V3T 2X6 ● 10053 — 136 A St. Surrey, B.C. V3T 4G1**

ਧੂਤ, ਧਵਨ, ਗੁਰਨਾਮ ਉਪਲ ਅਤੇ ਦਰਸ਼ਨ ਸਿੰਘ ਕਨੇਡੀਅਨ ਤੇ ਹੋਰ ਸੈਂਕੜੇ ਸਾਥੀਆਂ ਦੀਆਂ ਫਿਰਕੂ ਜਨੂੰਨੀਆਂ ਹੱਥੋਂ ਸ਼ਹੀਦੀਆਂ ਦਸਦੀਆਂ ਹਨ ਕਿ ਦੋਵੇਂ ਕਮਿਊਨਿਸਟ ਪਾਰਟੀਆਂ ਤੇ ਹੋਰ ਅਗਾਂਹ ਵਧੂ ਕਿਵੇਂ ਬੀਰਤਾ ਨਾਲ ਸਾਮਰਾਜੀ ਏਜੰਟਾਂ ਦੀ ਸਾਜ਼ਸ਼ਾਂ ਅਤੇ ਮਸ਼ੀਨਗੰਨਾਂ ਅਗੇ ਸੀਨੇ ਤਾਣ ਕੇ ਲੋਕਾਂ ਨੂੰ ਲਾਮਬੰਦ ਕਰ ਰਹੇ ਹਨ। ਸੋ ਕਮਿਊਨਿਸਟਾਂ ਨੂੰ ਪਤਾ ਹੈ ਕਿ ਧਰਮ ਤੇ ਫਿਰਕਾਪ੍ਰਸਤੀ ਕੀ ਹੈ। ਕਮਿਊਨਿਸਟ ਤਾ ਫਿਰਕੂਆਂ ਅਤੇ ਅਤਿਵਾਦੀ ਸਿੱਖਾਂ ਦੇ ਵਹਿਸ਼ੀ ਹਮਲਿਆਂ ਦਾ ਸ਼ਿਕਾਰ ਹਨ। ਫਿਰਕਾਪ੍ਰਸਤਾਂ ਅਤੇ ਵੰਡਵਾਦੀਆਂ ਵਿਰੁਧ ਸਿਆਸੀ ਲੜਾਈ ਹੈ ਅਤੇ ਇਹਨਾਂ ਵਿਰੁਧ ਸਿੱਧੀ ਲੜਾਈ ਵਿਚ ਮਜ਼ਦੂਰ ਵਰਗ ਦੀ ਏਕਤਾ ਤੇ ਏਕਤਾ ਨੂੰ ਅੱਗੇ ਵਧਾਉਣ ਦੀ ਲੋੜ ਹੈ। ਫਿਰਕਾਪ੍ਰਸਤੀ ਅਤੇ ਮੂਲਵਾਦੀ ਸ਼ਕਤੀਆਂ ਦੇ ਖਤਰੇ ਵਿਰੁਧ ਤਾਂ ਸਾਂਝੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸਾਥੀ ਅਜੈ ਘੋਸ਼ ਨੇ (29 ਸਤੰਬਰ 1961) ਕੌਮੀ ਸੰਘਟਨ ਕਾਨਫਰੰਸ ਵਿਚ ਹਿੰਦੂ, ਮੁਸਲਮ ਅਤੇ ਸਿਖ ਫਿਰਕਾਪ੍ਰਸਤਾਂ ਵਾਰੇ ਆਗਾਹ ਕੀਤਾ ਤੇ ਫਿਰਕਾਪ੍ਰਸਤੀ ਨੂੰ ਭਾਂਜ ਦੇਣ ਲਈ ਆਖਿਆ ਸੀ।

ਕਮਿਊਨਿਸਟਾਂ ਬਹੁਤ ਪਹਿਲਾਂ ਹੀ ਮਜ਼ਹਬੀ ਹਨੇਰ ਵਿਰਤੀ, ਫਿਰਕਾਪ੍ਰਸਤੀ, ਜਾਤਪਾਤ ਨੂੰ ਲੋਕਾਂ ਦੀ ਜਮਹੂਰੀ ਲਹਿਰ ਵਿਰੁਧ ਵਰਤਣ ਵਾਰੇ ਸੁਚੇਤ ਕੀਤਾ। ਹਿੰਦੀ ਸ਼ਾਵਨਵਾਦ ਦੇ ਮਜ਼ਦੂਰ ਜਮਾਤ ਅਤੇ ਇਨਕਲਾਬੀ ਲਈ ਹਾਨੀਕਾਰਕ ਹੋਣ ਵਾਰੇ ਭੀ ਚਿਤਾਵਨੀ ਦਿੱਤੀ ਅਤੇ ਨਾਲ ਹੀ ਭਰੋਸਾ ਦੁਆਇਆ ਕਿ ਕਮਿਊਨਿਸਟ ਪਾਰਟੀ ਇਹਨਾਂ ਵਿਰੁਧ ਸੰਘਰਸ਼ ਕਰੇਗੀ (ਪੈਰਾ — 114)

ਸੋ ਸ੍ਰੀ ਅਕਾਲ ਤਖਤ ਸਾਹਿਬ ਦੀ ਬੇ-ਹੁਰਮਤੀ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਦੁਰਦਸ਼ਾ ਕਰਨ ਵਾਲੇ, ਸਮੂਹ ਸਿੱਖਾਂ ਦੇ ਨਾਮ ਅਤੇ ਭਾਈ ਕਨ੍ਹਈਏ ਦੇ ਇਨਸਾਨੀਅਤ ਵਾਲੇ ਕੰਮਾਂ ਨੂੰ ਕਲੰਕਤ ਕਰਨ ਵਾਲੇ ਅਤੇ ਧਰਮ ਦੇ ਨਾਮ ਉਪਰ ਹਜ਼ਾਰਾਂ ਲੋਕਾਂ ਦੇ ਵਹਿਸ਼ੀਆਨਾ ਕਤਲ ਕਰਨ ਵਾਲੇ ਫਿਰਕੂ ਤੇ ਅਤਿਵਾਦੀ ਵਖਵਾਦੀ ਅਨਸਰਾਂ ਅਤੇ ਉਹਨਾਂ ਦੇ ਚੁਸਤ ਵਕੀਲਾਂ ਨੂੰ ਲੋਕਾਂ ਵਿਚ ਲੋਕ ਮੁਹਿਮ ਰਾਹੀਂ, ਸਿਆਸੀ ਤੌਰ ਤੇ ਨਿਖੇੜਨਾ ਜ਼ਰੂਰੀ ਹੈ। ਸਿਆਸੀ ਇਨਕਲਾਬੀ ਜਦੋ ਜਹਿਦ ਰਾਹੀਂ ਲੋਕਾਂ ਨੂੰ ਚੇਤੰਨ ਕੀਤਾ ਜਾ ਸਕਦਾ ਹੈ ਅਤੇ ਭਾਰਤੀ ਅਖੰਡਤਾ ਤੇ ਭਰਾਤਰੀ ਭਾਵ ਦੀ ਰੱਖਿਆ ਕੀਤੀ ਜਾ ਸਕਦੀ ਹੈ।

(ਚਲਦਾ)

# ਲੋਕਤਾ ਤੇਰ੍ਹਵੇਂ ਸਾਲ ਵਿਚ

**ਸੂਫੀ ਅਮਰਜੀਤ**

ਅਕਤੂਬਰ 1988 ਵਿਚ ਲੋਕਤਾ 13ਵੇਂ ਸਾਲ ਵਿਚ ਦਾਖਲ ਹੋ ਰਿਹਾ ਹੈ। ਲੰਘੇ ਬਾਰਾਂ ਸਾਲਾਂ ਵਿਚ ਇਸ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਸਿਰਤੋੜ ਯਤਨ ਕੀਤਾ ਹੈ। ਇਸ ਨੂੰ ਸਦਾ ਹੀ ਆਰਥਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਸਾਨੂੰ ਖੁਸ਼ੀ ਹੈ ਕਿ ਲੋਕਤਾ ਦੀ ਵਿਚਾਰਧਾਰਕ ਸੇਧ ਨਾਲ ਸਹਿਮਤ ਅਤੇ ਸਾਡੇ ਸਹਿਯੋਗੀ ਮਿੱਤਰਾਂ ਨੇ ਇਸ਼ਤਿਹਾਰ ਦੇ ਕੇ ਸਾਡੀ ਇਸ ਮੁਸ਼ਕਲ ਵਿਚ ਸਹਾਇਤਾ ਕੀਤੀ ਹੈ। ਇਸ ਲਈ ਲੋਕਤਾ ਬੋਰਡ ਦੇ ਪ੍ਰਬੰਧਕ ਉਨ੍ਹਾਂ ਦਾ ਦਿਲੋਂ ਰਿਣੀ ਹਨ। ਅਤੇ ਭਵਿਖ ਵਿਚ ਇਸ ਸਹਿਯੋਗ-ਸਹਾਇਤਾ ਦੀ ਆਸ ਰਖਦੇ ਹਨ

ਲੋਕਤਾ ਨੇ ਕੈਨੇਡਾ ਵਿਚ ਉਠੇ ਮੁਖ ਰਾਜਨੀਤਕ ਸਵਾਲਾਂ, ਜਿਵੇਂ ਲੰਮੇ ਸਾਲ ਵਿਚ ਫਰੀ-ਟਰੇਡ, ਇਸਤਰੀਆਂ ਦੇ ਹੱਕਾਂ, ਅਮਨ, ਸੋਕਰਡ ਸਰਕਾਰ ਅਤੇ ਟੋਰੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਲਗਾਤਾਰ ਵਿਰੋਧਤਾ ਕੀਤੀ ਹੈ। ਇਸ ਨੇ ਸਾਡੀ ਭਾਰਤੀ ਕਮਿਊਨਿਟੀ ਦੇ ਉਨ੍ਹਾਂ ਲੋਕਾਂ ਨੂੰ, ਲੋਕਾਂ ਦੇ ਸਾਹਮਣੇ ਖੜ੍ਹਾ ਕੀਤਾ, ਜਿਨ੍ਹਾਂ ਆਪਣੇ ਸੁਆਰਥਾਂ ਲਈ ਕਮਿਊਨਿਟੀ ਦੀ ਸ਼ਕਤੀ ਨੂੰ ਬਲੈਕ ਮੇਲ ਕਰਕੇ ਸੋਕਰਡਾਂ ਪਿਛੇ ਲਾਮਬੰਦ ਕਰਨ ਦਾ ਯਤਨ ਕੀਤਾ। ਲੋਕਤਾ ਨੇ ਅਜਿਹੇ ਲੋਕਾਂ ਵਲੋਂ ਵੈਨਕੂਵਰ ਦੀ ਧਨੀ ਲੋਕਾਂ ਦੇ ਪੱਖ ਵਿਚ ਖਲੋਣ ਲਈ ਮਿਉਂਸਪਲ ਕਮੇਟੀ ਦੇ ਸਹਿਯੋਗ ਨੂੰ ਨੰਗਾ ਕੀਤਾ, ਜਦੋਂ ਮਿਉਂਸਪਲ ਕੌਂਸਲ ਨੇ ਬੇਸਮੈਂਟਾਂ ਦੇ ਸਵਾਲ ਉਪਰ ਲੋਕਾਂ ਨੂੰ ਘਰੋਂ ਕੱਢਣ ਤੇ ਭਾਰੀ ਜ਼ੁਰਮਾਨੇ ਕਰਨ ਤੱਕ ਹਮਲਾ ਕਰਨ ਲਈ ਤਿਆਰੀ ਕੀਤੀ ਸੀ। ਇਸ ਸੰਬੰਧ ਵਿਚ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਦੇ ਕੀਤੇ ਸੰਘਰਸ਼ ਨੂੰ ਲੋਕਾਂ ਤੱਕ ਪਹੁੰਚਾਇਆ।

ਭਾਰਤ ਤੇ ਪੰਜਾਬ ਦੇ ਸੰਬੰਧ ਵਿਚ ਮੁਖ ਰਾਜਨੀਤਕ ਮੁੱਦਿਆਂ ਉਪਰ ਵੱਖਵਾਦੀਆਂ ਵਿਰੁਧ ਅਤੇ ਕਾਂਗਰਸ ਦੀ ਕੇਂਦਰ ਸਰਕਾਰ ਦੇ ਭਾਰਤ ਦੇ ਲੋਕਾਂ ਵਿਰੁਧ ਜਹਾਦ ਨੂੰ ਸਾਡੇ ਕੈਨੇਡਾ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਤੱਕ ਪਹੁੰਚਾਇਆ।

ਭਾਰਤ ਦੀ ਕੇਂਦਰ ਸਰਕਾਰ ਵਿਰੁਧ ਲੰਘੇ ਸਾਲ ਦੇ 15 ਮਾਰਚ ਦੇ ਖੱਬੀਆਂ ਪਾਰਟੀਆਂ ਦੇ ਸੰਘਰਸ਼ ਦੀ ਵਿਸਤਰਤ ਰਿਪੋਰਟ ਪੇਸ਼ ਕਰਕੇ, ਕੈਨੇਡਾ ਦੇ ਅਖੌਤੀ ਖਾਲਿਸਤਾਨੀ ਅਖਬਾਰਾਂ ਦੀ ਕਾਂਗਰਸ ਭਗਤੀ ਨੂੰ ਨੰਗਾ ਕੀਤਾ ਜਦੋਂ ਉਨ੍ਹਾਂ ਨੇ ਏਡੇ ਵੱਡੇ ਮਹਾਨ ਭਾਰਤ ਬੰਦ ਨੂੰ ਛੁਟਿਆਉਣ ਵਰਗੀ ਨਿਕੀ ਜਿਹੀ ਖਬਰ ਛਾਪ ਕੇ ਅਸਫਲਤਾ ਵਜੋਂ ਪੇਸ਼ ਕਰਨ ਦਾ ਯਤਨ ਕੀਤਾ ਸੀ।

ਤਿਰੀਪੁਰਾ ਵਿਚ ਮਾਰਕਸੀ ਪਾਰਟੀ ਦੀ ਅਗਵਾਈ ਵਾਲੇ ਸਾਂਝੇ ਫਰੰਟ ਨੂੰ, ਚੋਣਾਂ ਵਿਚ ਹੇਰਾ ਫੇਰੀ ਕਰਕੇ, ਫੌਜ ਦੀ ਸਹਾਇਤਾ ਨਾਲ ਅਤੇ ਤਿਰੀਪੁਰਾ ਦੇ ਵੱਖਵਾਦੀ ਟੀ. ਐਨ. ਵੀ. ਦੀ ਸਹਾਇਤਾ ਨਾਲ ਡੇਗਣ ਦੀ ਸਾਜ਼ਸ਼ ਨੂੰ ਨੰਗਿਆਂ ਕੀਤਾ।

ਪੰਜਾਬ ਦੇ ਸੰਬੰਧ ਵਿਚ ਕੀਤੇ ਵੱਡੇ ਸਦਭਾਵਨਾਂ ਭੰਡਾ ਮਾਰਚਾਂ, ਹੁਸੈਨੀਵਾਲਾ, ਜਲ੍ਹਿਆਂਵਾਲੇ, ਲੁਧਿਆਣਾ ਅਤੇ ਸ਼ਹੀਦ ਭਗਤ ਸਿੰਘ ਦੇ ਪਿੰਡ ਵਿਚ ਕੀਤੇ ਵੱਡੇ ਸਮਾਗਮ ਵਿਚ ਖਾਲਿਸਤਾਨੀਆਂ ਵਿਰੋਧੀ ਲੱਖਾਂ ਲੋਕਾਂ ਦੀ ਸ਼ਮੂਲੀਅਤ ਦੇ ਉਭਾਰ ਨੂੰ ਪੇਸ਼ ਕਰਕੇ, ਲੋਕਤਾ ਨੇ ਇਥੇ ਕੀਤੇ ਜਾ ਰਹੇ ਖਾਲਿਸਤਾਨੀ-ਧੂੰਆਂਧਾਰ-ਪ੍ਰਾਪੇਗੰਡੇ ਦੀ ਕਲੀ ਖੋਲੀ, ਕਿ ਪੰਜਾਬ ਦੇ ਲੋਕ ਉਨ੍ਹਾਂ ਦੇ ਸਮਰਥਕ ਹਨ। ਸਗੋਂ ਖਾਲਿਸਤਾਨੀਆਂ ਦੇ ਅਤੰਕ ਦੇ ਕਾਰਨ ਦੁਖੀ ਹਨ।

ਪੰਜਾਬ ਮਸਲੇ ਦੀ ਪੜਾ ਦਰ ਪੜਾ ਸਥਿਤੀ ਅਤੇ ਉਸ ਵਿਚ ਆ ਰਹੇ ਹਾਂ/ਨਾ ਪੱਖੀ ਮੋੜਾਂ ਉਪਰ, ਲੋਕ-ਲਹਿਰ ਜਲੰਧਰ ਦੀਆਂ ਮਹੱਤਵਪੂਰਨ ਟਿੱਪਣੀਆਂ ਅਤੇ ਸੰਪਾਦਕੀ ਛਾਪ ਕੇ ਪਾਠਕਾਂ ਨੂੰ ਲਗਾਤਾਰ ਗਿਆਤ ਕਰਵਾਇਆ।

ਓਪਰੇਸ਼ਨ ਕਾਲੀ ਗਰਜ ਸਮੇਂ ਹਰਿਮੰਦਰ ਸਾਹਿਬ ਉਪਰ ਕਬਜ਼ਾ ਕੀਤੀ ਬੈਠੇ ਖਾਲਿਸਤਾਨੀਆਂ ਵਲੋਂ, ਉਸ ਦੀ ਪਵਿੱਤਰਤਾ ਨੂੰ ਸ਼ਰੇਆਮ ਭੰਗ ਕਰਕੇ, ਉਥੇ ਖਿੰਡਾਏ ਗੰਦ ਦੀ ਤਸਵੀਰ ਵੀ ਲੋਕਤਾ ਰਾਹੀਂ ਪੇਸ਼ ਕੀਤੀ। ਇਹ ਉਹ ਘਟਨਾ ਸੀ ਜਿਸ ਨੇ ਖਾਲਿਸਤਾਨੀਆਂ ਦੇ ਝੂਠੇ 'ਸਿੱਖੀ ਦੰਭ' ਦਾ ਪਾਜ ਖੋਲਿਆ।

ਲੋਕਤਾ ਨੂੰ ਪੜ੍ਹਨ ਵਾਲੇ ਸੂਝਵਾਨ ਪਾਠਕ ਜਾਣਦੇ ਹਨ ਕਿ ਲੋਕਤਾ ਨੇ ਕਿਵੇਂ ਕੈਨੇਡਾ ਵਿਚ ਗਦਰੀ ਸੂਰਬੀਰਾਂ ਦੇ ਨਿਸਚਤ ਕੀਤੇ ਉਦੇਸ਼ਾਂ, ਭਾਰਤ ਦੀ ਏਕਤਾ, ਅਖੰਡਤਾ, ਭਰਾਤਰੀ ਭਾਵਨਾ ਅਤੇ ਧਰਮ ਨਿਰਲੇਪਤਾ ਦੇ ਸੁਨਹਿਰੀ ਅਸੂਲਾਂ ਉਪਰ ਪਹਿਰਾ ਦਿੱਤਾ।

ਲੋਕਤਾ ਨੂੰ ਇਹ ਮਾਣ ਹੈ ਕਿ ਉਸ ਨੇ ਭਾਰਤ ਦੀ ਸਮੁੱਚੇ ਰੂਪ ਵਿਚ ਅਤੇ ਪੰਜਾਬ ਦੀ ਰਾਜਨੀਤੀ ਵਿਚ ਖਾਸ ਕਰਕੇ, ਲੋਕ ਜਮਹੂਰੀ ਰਾਜਨੀਤਕ ਸੇਧ ਨਾਲ ਦ੍ਰਿੜ ਸਟੈਂਡ ਲਿਆ ਹੈ। ਲੋਕਤਾ ਨੂੰ ਮਾਣ ਹੈ ਕਿ ਇਹ ਕੈਨੇਡਾ ਵਿਚ ਪੰਜਾਬੀ ਦਾ ਇਕ ਉਹ ਰਾਜਨੀਤਕ ਪਰਚਾ ਹੈ ਜਿਸ ਨੇ ਇਕ ਦਰੁਸਤ ਰਾਜਨੀਤਕ ਲਾਈਨ ਉਪਰ ਖੜੇ ਹੋ ਕੇ ਖਾਲਿਸਤਾਨੀਆਂ ਦੇ ਭਾਰਤ ਵਿਰੋਧੀ, ਪੰਜਾਬ ਵਿਰੋਧੀ, ਸਿੱਖੀ ਵਿਰੋਧੀ ਅਤੇ ਸਾਮਰਾਜ ਪੱਖੀ ਵਿਚਾਰਾਂ ਦਾ ਡਟ ਕੇ ਵਿਰੋਧ ਕਰਦਿਆਂ ਆਪਣੀ ਆਵਾਜ਼ ਉਚੀ ਕੀਤੀ।

ਅਸੀਂ ਕੈਨੇਡਾ ਦਰਪਣ ਦੀ ਖਾਲਿਸਤਾਨ ਦੇ ਸੰਕਲਪ ਵਿਰੁਧ ਭਾਰਤ ਦੀ

ਏਕਤਾ ਦੇ ਸੰਕਲਪ ਦੇ ਹੱਕ ਵਿਚ ਡਟੇ ਰਹਿਣ ਦੀ ਵੀ ਪ੍ਰਸੰਸਾ ਕਰਦੇ ਹਾਂ। ਪਰ ਦੋਵਾਂ ਦੇ ਕੰਮ ਕਰਨ ਦੇ ਢੰਗ ਆਪੋ ਆਪਣੇ ਹਨ। ਜਦੋਂ ਕਿ ਲੋਕਤਾ ਇਕ ਵਿਸ਼ੇਸ਼ ਰਾਜਨੀਤੀ ਨਾਲ ਪ੍ਰਤੀਬੱਧ ਹੈ ਅਤੇ ਕੈਨੇਡਾ ਦਰਪਣ ਦਾ ਆਪਣਾ ਆਜ਼ਾਦ ਤੇ ਵਿਲੱਖਣ ਰੂਪ ਹੈ।

ਅੰਤ ਵਿਚ ਲੋਕਤਾ ਦੇ ਪਾਠਕਾਂ ਅਤੇ ਸਨੇਹੀਆਂ ਨੂੰ ਟਰਾਂਟੋ, ਵਿੰਨੀਪੈਗ, ਕੈਲਗਰੀ, ਐਡਮਿੰਟਨ, ਬ੍ਰੀ ਸੀ ਅਤੇ ਹੋਰਨਾਂ ਥਾਵਾਂ ਉਪਰ ਅਪੀਲ ਹੈ ਕਿ ਉਹ ਲੋਕਤਾ ਨੂੰ ਵੱਧ ਤੋਂ ਵੱਧ ਹੱਥਾਂ ਵਿਚ ਪਹੁੰਚਾਉਣ ਅਤੇ ਇਸ ਦੀ ਆਰਥਕ ਸਹਾਇਤਾ ਕਰਨ।

ਭਵਿਖ ਵਿਚ ਲੋਕਤਾ ਆਪਣੇ ਸਨੇਹੀਆਂ ਦੇ ਸਹਿਯੋਗ ਨਾਲ ਲੋਕ ਜਮਹੂਰੀ ਸੇਧ ਵਿਚ ਆਪਣਾ ਫਰਜ਼ ਨਿਭਾਉਂਦਾ ਰਹੇਗਾ।

# ਪ੍ਰਧਾਨ ਮੰਤਰੀ ਪੰਜਾਬ ਦੌਰੇ ਦੌਰਾਨ ਚੰਡੀਗੜ੍ਹ, ਪਾਣੀਆਂ ਤੇ ਇਲਾਕਾਈ ਝਗੜਿਆਂ ਦੇ ਨਬੇੜੇ ਬਾਰੇ ਐਲਾਨ ਕਰਨ—ਸੁਰਜੀਤ

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਮੈਂਬਰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਨੇ ਪਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਕ ਪੱਤਰ ਲਿਖਕੇ ਜੋਰ ਦਿਤਾ ਹੈ ਕਿ ਉਹ 21 ਸਤੰਬਰ ਦੇ ਆਪਣੇ ਪੰਜਾਬ ਦੌਰੇ ਦੌਰਾਨ ਪੰਜਾਬ ਮਸਲੇ ਦੇ ਰਾਜਸੀ ਹੱਲ ਲਈ ਰਾਹ ਪਧਰਾਉਣ ਵਾਸਤੇ ਆਰਥਿਕ ਪ੍ਰਾਜੈਕਟਾਂ ਆਦਿ ਤੋਂ ਇਲਾਵਾ ਤਿੰਨ ਕਦਮਾਂ ਦਾ ਐਲਾਨ ਕਰਨ ਇਹ ਕਦਮ ਹਨ :— (1) ਜੋਧਪੁਰ ਦੇ ਬੇਦੋਸ਼ੇ ਨਜ਼ਰਬੰਦਾਂ ਦੀ ਰਿਹਾਈ, (2) ਮਿਸ਼ਰਾ ਕਮਿਸ਼ਨ ਵਲੋਂ ਨਵੰਬਰ ਦੰਗਿਆਂ ਦੇ ਵਾਸਤੇ ਦੋਸ਼ੀ ਪਾਏ ਵਿਅਕਤੀਆਂ ਤੇ ਮੁਕੱਦਮਾ ਚਲਾਉਣਾ, (3) ਰਾਜੀਵ-ਲੌਂਗੋਵਾਲ ਸਮਝੌਤੇ ਦੇ ਚੌਖਟੇ ਵਿਚ ਚੰਡੀਗੜ੍ਹ, ਪਾਣੀਆਂ ਅਤੇ ਇਲਾਕਈ ਝਗੜਿਆਂ ਦੇ ਨਿਪਟਾਰੇ ਦਾ ਫੈਸਲਾ।

ਖੁਲੇ ਪੱਤਰ 'ਚ ਸਾਥੀ ਸੁਰਜੀਤ ਨੇ ਕਿਹਾ ਹੈ ਕਿ ਪੰਜਾਬ ਸਮਸਿਆ ਦੇ ਰਾਜਸੀ ਹੱਲ ਲਈ ਵਿਸ਼ਾਲਆਮ ਸਹਿਮਤੀਪਾਈਜਾ ਰਹੀ ਹੈ ਅਤੇ ਪ੍ਰਧਾਨ ਮੰਤਰੀ ਵਲੋਂ ਆਪਣੇ ਦੌਰੇ ਦੌਰਾਨ ਇਹਨਾਂ ਉਕਤ ਤਿਨਾਂ ਫੈਸਲਿਆਂ ਦਾ ਐਲਾਨ ਨਾ ਕੇਵਲ ਰਾਜ ਦੇ ਬਲਕਿ ਦੇਸ਼ ਭਰ ਦੇ ਲੋਕਾਂ ਉਪਰ ਹੀ ਉਹਨਾਂ ਨੂੰ ਇਕਜੁਟ ਕਰਨ ਵਾਲਾ ਪ੍ਰਭਾਵ ਪਾਵੇਗਾ ਜਿਸ ਨਾਲ ਅੱਤਵਾਦੀਆਂ ਲਈ ਕਿਸੇ ਵੀ ਥਾਂ ਆਪਣੇ ਲੁਕਣ ਠਿਕਾਣੇ ਬਨਾਉਣੇਅਤਿਅੰਤ ਮੁਸ਼ਕਲ ਬਣ ਜਾਵੇਗਾ

ਸਾਥੀ ਸੁਰਜੀਤ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਦੇ ਦੌਰੇ ਦੌਰਾਨ ਇਹ ਫੈਸਲਿਆਂ ਦਾ ਐਲਾਨ ਨਹੀਂ ਕੀਤਾ ਜਾਂਦਾ ਤਾਂ ਪੰਜਾਬ ਸਮਸਿਆ ਦਾ ਹੱਲ ਲਭਣ ਦਾ ਮੰਤਵ ਪ੍ਰਾਪਤ ਨਹੀਂ ਹੋ ਸਕੇਗਾ। ਉਹਨਾਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਸੁਝਾਵਾਂ ਤੇ ਗੌਰ ਕਰਨ ਤੇ ਲੋੜੀਂਦੀ ਕਾਰਵਾਈ ਇਹ ਦਿਮਾਗ ਵਿਚ ਰੱਖਕੇ ਕਰਨ ਕਿਕਿਸੇ ਰਾਜਸੀ ਪਾਰਟੀ ਦੇ ਸੌੜੇ ਹਿਤਾਂ ਤੋਂ ਦੇਸ਼ ਦੇ ਵਿਸ਼ਾਲਤਰ ਹਿਤਾਂ ਨੂੰ ਤਰਜੀਹ ਦਿਤੀ ਜਾਣੀ ਚਾਹੀਦੀ ਹੈ।

ਸੀ. ਪੀ. ਆਈ (ਐਮ) ਦੇ ਪੋਲਿਟ ਬਿਊਰੋ ਦੇ ਮੈਂਬਰ ਨੇ ਕਿਹਾ ਕਿ ਅਜਿਹੀ ਜਾਣਕਾਰੀ ਮਿਲੀ ਹੈ ਕਿ 240 ਕਰੋੜ ਰੁਪਏ ਦੀ ਲਾਗਤ ਵਾਲੀ ਕਾਰਚ ਫੈਕਟਰੀ ਲਾਉਣ ਤੇ ਕੁਝ ਹੋਰ ਪਰੋਜੈਕਟ ਸਥਾਪਤ ਕਰਨ ਦੀ ਤਜਵੀਜ਼ ਹੈ ਪਰ ਇਹ ਸੋਚਣਾ ਗਲਤ ਹੋਵੇਗਾ ਕਿ ਸਿਰਫ ਅਜਿਹੇ ਆਰਥਕ ਪ੍ਰੋਗਰਾਮਾਂ ਦਾ ਐਲਾਨ ਕਰਕੇ ਹੀ ਪੰਜਾਬ ਮਸਲੇ ਦਾ ਹਲ ਕੀਤਾ ਜਾ ਸਕਦਾ ਹੈ। ਪੰਜਾਬ ਦੀ ਜਨਤਾ ਤੁਹਾਥੋਂ ਕੁਝ ਹੋਰ ਹੀ ਆਸ ਕਰਦੀ ਹੈ ਜਿਸ ਨਾਲ ਉਸ ਅਤਿਅੰਤ ਨਾਜ਼ਰ ਸਥਿਤੀ ਦਾ ਅੰਤ ਹੋ ਸਕੇਗਾ ਜਿਸਦਾ ਉਨ੍ਹਾਂ ਨੂੰ ਸਾਹਮਣਾ ਹੈ।

ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਚੇਤੇ ਕਰਾਇਆ ਕਿ ਉਹ ਸਭਾ ਕੇਂਦਰੀ ਮੰਤਰੀਆਂ, ਜਿਨ੍ਹਾਂ ਨੇ ਪੰਜਾਬ ਦਾ ਦੌਰਾ ਕੀਤਾ ਹੈ ਤੇ ਸੂਬਾਈ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ, ਨੂੰ ਦਸਿਆ ਗਿਆ ਹੈ ਕਿ ਪੰਜਾਬ ਦੀ ਸਮਸਿਆ ਸਿਰਫ ਪ੍ਰਬਾਸਨਕ ਕਦਮਾਂ ਨਾਲ ਹੱਲ ਨਹੀਂ ਹੋ ਸਕਦੀ। ਇਸ ਲਈ ਰਾਜਸੀ ਪਹਿਲਕਦਮੀ ਦੀ ਅਤੇ ਅਜਿਹੀਆਂ ਰੋੜਾਂ ਦੂਰ ਕਰਨ, ਜਿਹੜੀਆਂ ਮਸਲੇ ਦੇ ਹੱਲ ਵਿਚ ਵੱਡਾ ਰੋੜਾ ਬਣੀਆਂ ਹੋਈਆਂ ਹਨ, ਦੀ ਲੋੜ ਹੈ।

ਸਾਥੀ ਸੁਰਜੀਤ ਨੇ ਗਵਰਨਰ ਦੇ ਇਸ ਦਾਅਵੇ ਨੂੰ ਰੱਦ ਕੀਤਾ ਕਿ ਰਾਸ਼ਟਰਪਤੀ ਰਾਜ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਵਿਚ ਸੁਧਾਰ ਹੋਇਆ ਹੈ। ਅੰਕੜੇ ਪੇਸ਼ ਕਰਦੇ ਹੋਏ, ਉਹਨਾਂ ਕਿਹਾ ਕਿ ਬਰਨਾਲਾ ਸਰਕਾਰ ਦੇ 19 ਮਹੀਨਿਆਂ ਦੌਰਾਨ ਦਹਿਸ਼ਤਗਰਦਾਂ ਵਲੋਂ 789 ਵਿਅਕਤੀਆਂ ਦਾ ਕਤਲ ਕੀਤਾ ਗਿਆ ਹੈ ਜਦੋਂ ਕਿ ਵਰਤਮਾਨ ਪਰਸ਼ਾਸਨ ਦੇ ਸਾਢੇ 15 ਮਹੀਨਿਆਂ ਦੌਰਾਨ 2164 ਵਿਅਕਤੀ ਕਤਲ ਹੋਏ ਹਨ।

ਕੌਣ ਕਰ ਸਕਦੈ
ਚੇਤਨਾ ਨੂੰ ਕਤਲ ?
ਚੇਤਨਾ ਦਾ ਵਜੂਦ—
ਲੋਕਾਂ
ਦੇ ਰੋਹ ਵਰਗਾ ਹੈ।

## ਸਹਾਇਤਾ

| | |
|---|---|
| ਸ. ਦਿਲਬਾਗ ਸਿੰਘ ਜੌਹਲ | 100 ਡਾਲਰ |
| ਸ. ਗੁਰਚਰਨ ਸਿੰਘ ਬਾਸੀ | 100 ਡਾਲਰ |
| ਸ. ਹਰਦੇਵ ਸਿੰਘ ਭਿੰਡਰ | 100 ਡਾਲਰ |
| ਸ. ਪਿਆਰਾ ਸਿੰਘ ਦੋਸਾਂਝ | 650 ਡਾਲਰ |

ਉਪਰੋਕਤ ਸਾਥੀਆਂ ਨੇ ਲੋਕਤਾ ਦੇ ਸਿਧਾਂਤ ਦਾ ਜੰਤਾ ਨਾਲ ਰਿਸ਼ਤਾ ਹੋਰ ਪਕੇਰਾ ਕਰਨ ਵਾਸਤੇ ਲੋਕ ਪਖੀ ਸੰਗਰਾਮ ਨੂੰ ਉਤਸ਼ਾਹਿਤ ਕੀਤਾ ਹੈ।

ਅਦਾਰਾ ਲੋਕਤਾ ਇਸ ਸਹਾਇਤਾ ਲਈ ਸਾਥੀਆਂ ਦਾ ਦਿਲੋਂ ਧੰਨਵਾਦੀ ਹੈ।

ਵਲੋਂ :— ਲੋਕਤਾ ਬੋਰਡ

# ਪੰਜਾਬ ਦੀ ਸਥਿਤੀ 'ਚ ਸੁਧਾਰ ਦੇ ਗਵਰਨਰ ਦੇ ਦਾਅਵੇ ਥੋਥੇ--ਰੰਧਾਵਾ

ਪੰਜਾਬ ਦੇ ਗਵਰਨਰ ਦਾ ਇਹ ਦਾਅਵਾ ਉਕਾ ਹੀ ਗਲਤ ਅਤੇ ਬੇ-ਬੁਨਿਆਦ ਹੈ ਕਿ ਪੰਜਾਬ ਦੇ ਹਾਲਾਤ ਠੀਕ ਹੋ ਰਹੇ ਹਨ ਅਤੇ ਅੱਤਵਾਦੀ-ਵੱਖਵਾਦੀ ਤੱਤ ਅਗੇ ਲਗ ਤੁਰੇ ਹਨ।

ਇਹ ਗਲ ਅਜ ਏਥੇ ਇਕ ਪੱਤਰ-ਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸੀ.ਪੀ.ਆਈ. (ਐਮ) ਦੇ ਪੰਜਾਬ ਯੂਨਿਟ ਦੇ ਐਕਟਿੰਗ ਸੈਕਟਰੀ ਸਾਥੀ ਗੁਰਚਰਨ ਸਿੰਘ ਰੰਧਾਵਾ ਨੇ ਆਖੀ।

ਸਾਥੀ ਰੰਧਾਵਾ ਪੰਜਾਬ ਦੀ ਤਾਜ਼ਾ ਅਵਸਥਾ ਬਾਰੇ ਪੰਜਾਬ ਸਰਕਾਰ ਤੇ ਕੇਂਦਰੀ ਸਰਕਾਰ ਦੇ ਬੁਲਾਰਿਆਂ ਦੇ ਪਿਛਲੇ ਦਿਨਾਂ ਵਿਚ ਅਖਬਾਰਾਂ ਵਿਚ ਛਪੇ ਬਿਆਨਾਂ ਉਤੇ ਟਿੱਪਣੀ ਕਰ ਰਹੇ ਸਨ।

ਪੰਜਾਬ ਵਿਚ ਗਵਰਨਰੀ ਰਾਜ ਦਾ ਵਰਨਣ ਕਰਦਿਆਂ ਸੀ.ਪੀ.ਆਈ (ਐਮ) ਆਗੂ ਨੇ ਕਿਹਾ ਕਿ ਗਵਰਨਰੀ ਰਾਜ ਦੇ 18 ਮਹੀਨਿਆਂ ਵਿਚ ਪੰਜਾਬ ਵਿਚ ਅੱਤਵਾਦੀਆਂ ਨੇ ਦੋ ਹਜ਼ਾਰ ਬੇਗੁਨਾਹ ਲੋਕ ਕਤਲ ਕੀਤੇ ਹਨ। ਉਹਨਾਂ ਕਿਹਾ ਕਿ ਗਵਰਨਰੀ ਰਾਜ ਵਿਚ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਵਿਗੜਦੀ ਹੀ ਗਈ ਹੈ। ਬੇਗੁਨਾਹ ਲੋਕਾਂ ਦੇ ਕਤਲ ਲਗਾਤਾਰ ਜਾਰੀ ਹਨ। ਸਰਹੱਦੀ ਜ਼ਿਲਿਆਂ ਵਿਚ ਅੱਤਵਾਦੀ ਦਿਨ ਸਮੇਂ ਹੀ ਦਨ-ਦਨਾਉਂਦੇ ਫਿਰਦੇ ਹਨ। ਇਹਨਾਂ ਜ਼ਿਲਿਆਂ ਵਿਚੋਂ ਕੇਵਲ ਹਿੰਦੂ ਹੀ ਹਿਜਰਤ ਕਰਕੇ ਨਹੀਂ ਗਏ ਸਗੋਂ ਧਨੀ ਕਿਸਾਨ ਵੀ ਹਿਜਰਤ ਕਰ ਰਹੇ ਹਨ।

ਸਾਥੀ ਰੰਧਾਵਾ ਨੇ ਕਿਹਾ ਕਿ ਪੁਲਸ ਦੀ ਸਕਰੀਨਿੰਗ ਕਰਨ ਦੀ ਸਖਤ ਲੋੜ ਹੈ ਕਿਉਂਜੁ ਰਾਜ ਅੰਦਰ ਕੁਝ ਵਾਰਦਾਤਾਂ ਅਜੇਹੀਆਂ ਹੋਈਆਂ ਹਨ ਜਿਨਾਂ ਦੀ ਸੂਚਨਾ ਪੁਲਸ ਅੰਦਰੋਂ ਮਿਲੀ ਹੈ ਜਿਵੇਂ ਕਿ ਸਾਬਕਾ ਪੁਲਸ ਮੁਖੀ ਉਤੇ ਹਮਲਾ ਆਦਿ।

ਸੀ.ਪੀ.ਆਈ(ਐਮ)ਆਗੂ ਨੇ ਕਿਹਾ ਕਿ ਕੇਂਦਰੀ ਸਰਕਾਰ ਦੀ ਪੰਜਾਬ ਮਸਲੇ ਦਾ ਸਿਆਸੀ ਹੱਲ ਲਟਕਾਉਣ ਦੀ ਨੀਤੀ ਨੇ ਸੂਬੇ ਦੇ ਹਾਲਾਤ ਵਿਗਾੜੇ ਹਨ। ਪੰਜਾਬ ਵਿਚ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁਧ ਹਰ ਪੱਧਰ ਉਤੇ ਸਖਤ ਕਦਮ ਪੁਟਣ ਦੇ ਨਾਲ ਨਾਲ ਪੰਜਾਬ ਸਮਝੌਤੇ ਦੀ ਸੇਧ ਵਿਚ ਪੰਜਾਬ ਮਸਲੇ ਦੇ ਹੱਲ ਲਈ ਵੀ ਫੌਰੀ ਕਦਮ ਪੁਟਣੇ ਚਾਹੀਦੇ ਹਨ। ਜੋਧ-ਪੁਰ ਦੇ ਬੇਦੋਸ਼ੇ ਨਜ਼ਰਬੰਦ ਰਿਹਾ ਕੀਤੇ ਜਾਣ ਅਤੇ 1984 ਦੇ ਦਿੱਲੀ ਤੇ ਹੋਰ ਥਾਵਾਂ ਵਿਚ ਹੋਏ ਦੰਗਿਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਣ। ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਵੇ ਅਤੇ ਪਾਣੀਆਂ ਦਾ ਮਸਲਾ ਨਬੇੜਿਆ ਜਾਵੇ।

ਮਾਨਹਾਨੀ ਬਿੱਲ ਦਾ ਵਰਨਣ ਕਰਦਿਆਂ ਸਾਥੀ ਰੰਧਾਵਾ ਨੇ ਕਿਹਾ ਕਿ ਰਾਜੀਵ ਗਾਂਧੀ ਜਿਉਂ ਜਿਉਂ ਲੋਕਾਂ ਤੋਂ ਨਿਖੜ ਰਿਹਾ ਹੈ ਅਤੇ ਉਸਦੀ ਸਰਕਾਰ ਵਿਰੁਧ ਬੇ-ਚੈਨੀ ਵਧ ਰਹੀ ਹੈ ਤਿਉਂ ਤਿਉਂ ਉਹ ਏਕਾਅਧਿਕਾਰ ਵਲ ਕਦਮ ਪੁਟ ਰਿਹਾ ਹੈ। ਉਹਨਾਂ ਕਿਹਾ ਕਿ ਮਾਨਹਾਨੀ ਬਿੱਲ ਦਾ ਅਰਥ ਪ੍ਰੈਸ ਉਤੇ ਸੈਂਸਰ ਲਾਉਣਾ ਹੈ। ਏਹੋ ਕਾਰਨ ਹੈ ਕਿ ਸਮੁਚੇ ਪ੍ਰੈਸ ਅਤੇ ਅਖਬਾਰੀ ਬਰਾਦਰੀ ਨੇ ਇਕ-ਮੁਠ ਹੋ ਕੇ ਇਸ ਵਿਰੁਧ ਆਵਾਜ਼ ਬੁਲੰਦ ਕੀਤੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਹਰਮੰਦਰ ਸਾਹਿਬ ਕੰਪ-ਲੈਕਸ ਦਾ ਪ੍ਰਬੰਧ ਸੰਭਾਲ ਦੇਣ ਦੇ ਸਬੰਧ ਵਿਚ ਟਿਪਣੀ ਕਰਦਿਆਂ ਸਾਥੀ ਰੰਧਾਵਾ ਨੇ ਕਿਹਾ ਕਿ ਇਹ ਇਕ ਚੰਗੀ ਖਬਰ ਹੈ ਪਰ ਇਸਦੇ ਨਾਲ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੀ ਇਹ ਜ਼ੁਮੇਂਵਾਰੀ ਬਣਦੀ ਹੈ ਕਿ ਉਹ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਨੂੰ ਮੁੜ ਅੱਤਵਾਦੀ ਤੱਤਾਂ ਦਾ ਅੱਡਾ ਨਾ ਬਨਣ ਦੇਵੇ।

ਸੰਯੁਕਤ ਅਕਾਲੀ ਦਲ ਦੀਆਂ ਪਾਲਸੀਆਂ ਬਾਰੇ ਦਸਦਿਆਂ ਸੀ.ਪੀ.ਆਈ(ਐਮ) ਆਗੂ ਨੇ ਕਿਹਾ ਕਿ ਇਸ ਦੀਆਂ ਨੀਤੀਆਂ ਨਾਲ ਅੱਤਵਾਦੀਆਂ ਨੂੰ ਸ਼ਹਿ ਮਿਲਦੀ ਰਹੀ। ਉਹਨਾਂ ਕਿਹਾ ਕਿ ਸੰਯੁਕਤ ਅਕਾਲੀ ਦਲ ਲਈ ਇਹ ਗਲ ਹੀ ਚੰਗੀ ਹੋਵੇਗੀ ਕਿ ਉਹ ਅੱਤਵਾਦੀ ਵੱਖਵਾਦੀ ਤੱਤਾਂ ਨਾਲੋਂ ਸਪਸ਼ਟ ਨਖੇੜਾ ਕਰੇ।

ਪੰਜਾਬ ਅੰਦਰ ਗਵਰਨਰ ਦੇ ਰੋਲ ਦਾ ਵਰਨਣ ਕਰਦਿਆਂ ਸਾਥੀ ਰੰਧਾਵਾ ਨੇ ਕਿਹਾ ਕਿ ਗਵਰਨਰ ਇਸ ਢੰਗ ਨਾਲ ਬਿਆਨਬਾਜ਼ੀ ਅਤੇ ਹੋਰ ਫੈਸਲੇ ਲੈ ਰਿਹਾ ਹੈ ਜਿਵੇਂ ਕਿਤੇ ਉਹ ਸੂਬੇ ਦਾ ਮੁਖ ਮੰਤਰੀ ਹੋਵੇ। ਉਹਨਾਂ ਕਿਹਾ ਕਿ ਪੰਜਾਬ ਦੀ ਹਾਲਤ ਬਾਰੇ ਗਵਰਨਰ ਵਲੋਂ ਪਹਿਲਾਂ ਅਪੋਜ਼ੀਸ਼ਨ ਪਾਰਟੀਆਂ ਨਾਲ ਸਲਾਹ-ਮਸ਼ਵਰਾ ਕੀਤਾ ਜਾਂਦਾ ਸੀ ਪਰ ਹੁਣ ਉਹ ਵੀ ਬੰਦ ਹੋ ਗਿਆ ਹੈ।


## ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ: ਯੂ:)

### ਨੋਟਰੀ ਪਬਲਿਕ

* ਘਰ ਜਾਂ ਜ਼ਮੀਨ ਖਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ ਲਈ ਜਾਂ ਕੈਂਸਲ ਕਰਨਾ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
* ਡੇਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

**Ph.& 324-6727 Office**
**324-4160 (Res.)**

(ਦਫਤਰ ਸ਼ਨਿਚਰਵਾਰ ਵੀ ਖੁੱਲ੍ਹਦਾ ਹੈ



ਜਗਦੀਸ਼ ਸਿੰਘ[ B.A., L.L.B (Pb. Uni.)]
(ਸਾਬਕਾ ਐਡਵੋਕੇਟ ਪੰਜਾਬ. ਹਾਈ ਕੋਰਟ)

### ਇਮੀਗਰੇਸ਼ਨ ਸਲਾਹਕਾਰ

* ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
* Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
* ਇਮੀਗਰੇਸ਼ਨ ਦੇ ਆਮ ਮਸਲੇ
* ਭਾਰਤੀ ਕਾਨੂੰਨਾਂ ਬਾਰੇ ਸਲਾਹ

*ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

ਦਫਤਰ ਦਾ ਐਡਰੈਸ

Suite 201-2001 E. 36 Ave.)
(At Victoria De.)
Vancouver, B.C. V5P 1C9.
ਸਮਾਂ-9 a.m. -5 p.m.

ਪੰਜਾਬ ਅੰਦਰ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਵਲੋਂ ਆਪਣੀਆਂ ਭਖਦੀਆਂ ਮੰਗਾਂ ਲਈ ਚਲਾਏ ਜਾ ਰਹੇ ਸਤਿਆਗ੍ਰਹਿ ਦਾ ਵਰਨਣ ਕਰਦਿਆਂ ਸਾਥੀ ਗੁਰਚਰਨ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਅੰਦੋਲਨ ਨੂੰ ਪੰਜਾਬ ਭਰ ਵਿਚ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਹੁਣ ਤੱਕ ਕੋਈ 35000 (ਪੈਂਤੀ ਹਜ਼ਾਰ) ਦੇਹਾਤੀ ਕਿਸਾਨ ਖੇਤ ਮਜ਼ਦੂਰ ਵਾਲੰਟੀਅਰ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਚੁਕੇ ਹਨ। ਜਿਸ ਹਿਸਾਬ ਨਾਲ ਇਹ ਜਿਹਲ ਭਰੋ ਅੰਦੋਲਨ ਚਲ ਰਿਹਾ ਹੈ ਉਸ ਨੂੰ ਮੁੱਖ ਰਖਦਿਆਂ ਆਖਰੀ ਦਿਨ ਤਕ ਸਤਿਆਗ੍ਰਹਿ ਕਰਨ ਵਾਲਿਆਂ ਦੀ ਗਿਣਤੀ ਇਕ ਲਖ ਤੋਂ ਉਪਰ ਟਪ ਜਾਵੇਗੀ।

ਜ਼ਿਲਾ ਕੇਂਦਰਾਂ ਉਤੇ ਸਤਿਆਗ੍ਰਹਿ ਕਰਨ ਵਾਲੇ ਵਾਲੰਟੀਅਰਾਂ ਦਾ ਵਰਨਣ ਕਰਦਿਆਂ ਉਹਨਾਂ ਕਿਹਾ ਕਿ ਇਹਨਾਂ ਵਿਚ 40 ਫੀਸਦੀ ਤਕ ਖੇਤ ਮਜ਼ਦੂਰ ਹੁੰਦੇ ਹਨ।

ਸਾਥੀ ਰੰਧਾਵਾ ਨੇ ਕਿਹਾ ਕਿ 12 ਸਤੰਬਰ ਨੂੰ ਜ਼ਿਲਾ ਕੇਂਦਰਾਂ ਉਤੇ ਸਤਿਆਗ੍ਰਹਿ ਕਰਨ ਵਾਲਿਆਂ ਵਿਚ ਸਤ ਹਜ਼ਾਰ ਤੋਂ ਵਧ ਔਰਤਾਂ ਵੀ ਸ਼ਾਮਲ ਹੋਣਗੀਆਂ।

ਹੜਪੀੜਤਾਂ ਵਲ ਸਰਕਾਰ ਦੀ ਕੋੜੀ ਨੀਤੀ ਦੀ ਨਿੰਦਾ ਕਰਦਿਆਂ ਸੀ.ਪੀ. ਆਈ (ਐਮ) ਆਗੂ ਨੇ ਕਿਹਾ ਕਿ ਹੜ-ਮਾਰੇ ਖੇਤਰਾਂ ਵਿਚ ਪ੍ਰਤੀ ਏਕੜ 1000 ਰੁਪਏ ਦਿਤੇ ਜਾਣ। ਇਸ ਤੋਂ ਬਿਨਾਂ ਜਿਹੜੇ ਕਚੇ ਮਕਾਨ ਢਹਿ ਗਏ ਹਨ ਉਹਨਾਂ ਲਈ 1500 ਰੁਪਏ ਪ੍ਰਤੀ ਮਕਾਨ ਮਦਦ ਦਿਤੀ ਜਾਵੇ।

ਪੰਜਾਬ ਵਿਚ ਕੁਰਪਸ਼ਨ ਰੋਕਣ ਲਈ ਗਵਰਨਰ ਪ੍ਰਸ਼ਾਸਨ ਵਲੋਂ ਚੁਕੇ ਗਏ ਕਦਮਾਂ ਉਤੇ ਟਿਪਣੀ ਕਰਦਿਆਂ ਸਾਥੀ ਰੰਧਾਵਾ ਨੇ ਕਿਹਾ ਕਿ ਗਵਰਨਰੀ ਰਾਜ ਅੰਦਰ ਕੁਰਪਸ਼ਨ ਬੜੀ ਹੀ ਤੇਜ਼ੀ ਨਾਲ ਵਧੀ ਹੈ ਭਾਵੇਂ ਕਿ ਬਰਨਾਲਾ ਦੀ ਹਕੂਮਤ ਸਮੇਂ ਇਹ ਘੱਟ ਨਹੀਂ ਸੀ।

### ਏਸ਼ੀਆ ਪ੍ਰਸ਼ਾਂਤ ਖਿਤੇ 'ਚ ਤਨਾਅ ਖਤਮ ਕਰਨ ਦਾ ਮਸਲਾ :

# ਸੀ. ਪੀ. ਆਈ. (ਐਮ) ਵਲੋਂ ਸਾਥੀ ਗੋਰਬਾਚੋਵ ਦੀਆਂ ਤਜਵੀਜ਼ਾਂ ਦੀ ਹਿਮਾਇਤ

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਨੇ ਸੋਵੀਅਤ ਆਗੂ ਮਿਖਾਇਲ ਗੋਰਬਾਚੋਵ ਦੀ ਇਸ ਤਜਵੀਜ਼ ਦੀ ਜ਼ੋਰਦਾਰ ਹਿਮਾਇਤ ਕੀਤੀ ਹੈ ਕਿ ਹਿੰਦ ਮਹਾਂਸਾਗਰ ਨੂੰ ਅਮਨ ਦਾ ਖਿੱਤਾ ਘੋਸ਼ਤ ਕਰਨ ਲਈ 1990 ਤੱਕ ਇਕ ਕੌਮਾਂਤਰੀ ਕਾਨਫਰੰਸ ਸੱਦੀ ਜਾਵੇ।

ਸੀ. ਪੀ. ਆਈ.(ਐਮ) ਦੇ ਪੋਲਿਟ ਬਿਊਰੋ ਨੇ ਇਕ ਬਿਆਨ ਵਿਚ ਏਸ਼ੀਆ-ਪ੍ਰਸ਼ਾਂਤ ਖਿਤੇ ਵਿਚੋਂ ਤਨਾਅ ਖਤਮ ਕਰਨ ਅਤੇ ਇਸ ਖਿਤੇ ਦਾ ਫੌਜੀਕਰਨ ਖਤਮ ਕਰਨ ਲਈ 16 ਸਤੰਬਰ ਨੂੰ ਸੋਵੀਅਤ ਆਗੂ ਵਲੋਂ ਤਜਵੀਜ਼ਤ ਇਹਨਾਂ ਪਹਿਲਕਦਮੀਆਂ ਦੀ ਪ੍ਰਸ਼ੰਸਾ ਕੀਤੀ ਹੈ। ਪੋਲਿਟ ਬਿਊਰੋ ਨੇ ਆਪਣੇ ਬਿਆਨ ਵਿਚ ਕਿਹਾ ਹੈ, ਆਪਣੀ ਇਤਿਹਾਸਕ ਵਲਾਡੀਵੋਸਤੋਕ ਪਹਿਲਕਦਮੀਆਂ ਦੇ ਪੂਰੇ ਦੋ ਸਾਲਾਂ ਬਾਦ ਪੇਸ਼ ਕੀਤੀਆਂ ਗਈਆਂ ਇਹ ਤਜਵੀਜ਼ਾਂ ਉਸ ਢੰਗ ਨੂੰ ਮਜ਼ਬੂਤ ਕਰਦੀਆਂ ਹਨ ਜਿਹੜਾ ਕਿ ਬਹੁਤ ਜ਼ਿਆਦਾ ਪਰਮਾਣੂ ਹਥਿਆਰਾਂ ਵਾਲੇ ਏਸ਼ੀਆ-ਪ੍ਰਸ਼ਾਂਤ ਖਿਤੇ ਵਿਚੋਂ ਤਨਾਅ ਦੂਰ ਕਰੇਗਾ ਅਤੇ ਇਸ ਖਿਤੇ ਵਿਚੋਂ ਫੌਜੀਕਰਨ ਖਤਮ ਕਰੇਗਾ।

ਪੋਲਿਟ ਬਿਊਰੋ ਨੇ ਅੱਗੇ ਸੰਕੇਤ ਦਿਤਾ ਹੈ ਕਿ ਸਾਥੀ ਗੋਰਬਾਚੋਵ ਦੀ ਕੰਪੂਚੀਆ ਬਾਰੇ ਜਲਦੀ ਤੋਂ ਜਲਦੀ ਸਮਝੌਤੇ ਤੇ ਪਹੁੰਚਣ ਲਈ ਸਾਰੇ ਸੰਭਵ ਢੰਗਾਂ ਨਾਲ ਯੋਗਦਾਨ ਕਰਨ ਦੀ ਪੇਸ਼ਕਸ਼, ਇਸ ਮਸਲੇ ਬਾਰੇ ਚੀਨ ਅਤੇ ਵੀਅਤਨਾਮ ਵਿਚਕਾਰ ਸਿਧੀ ਗਲਬਾਤ ਲਈ ਉਹਨਾਂ ਵਲੋਂ ਦਿਤਾ ਗਿਆ ਸੱਦਾ ਅਤੇ ਚੀਨ-ਸੋਵੀਅਤ ਸਿਖਰ ਸੰਮੇਲਨ ਫੌਰੀ ਕਰਨ ਲਈ ਉਹਨਾਂ ਦੇ ਸੁਝਾਅ ਦੇ ਸਿਰਫ ਕੰਪੂਚੀਆ ਦੀ ਸਮਸਿਆ ਨੂੰ ਹੱਲ ਕਰਨ ਲਈ ਹੀ ਦੂਰ-ਦਰਸ਼ੀ ਸਿਟੇ ਨਹੀਂ ਨਿਕਲਣਗੇ ਸਗੋਂ ਇਹਨਾਂ ਨਾਲ ਵਿਸ਼ਵ ਕਮਿਊਨਿਸਟ ਲਹਿਰ ਅਤੇ ਸਮਾਜਵਾਦੀ ਕੈਂਪ ਦੀ ਏਕਤਾ ਵੀ ਹੋਰ ਮਜ਼ਬੂਤ ਹੋਵੇਗੀ ਅਤੇ ਇਸ ਨਾਲ ਵਿਸ਼ਵ ਅਮਨ ਦੇ ਹੱਕ ਵਿਚ ਬਹੁਤ ਹੀ ਵਿਸ਼ਾਲ ਪ੍ਰਭਾਵ ਪਵੇਗਾ ਅਤੇ ਵਿਸ਼ਵ ਅਮਨ ਦੀਆਂ ਤਾਕਤਾਂ ਬਹੁਤ ਜ਼ਿਆਦਾ ਮਜ਼ਬੂਤ ਹੋਣਗੀਆਂ।


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਫਿਨਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**



ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ



- CANADIAN AIRLINES INTERNATIONAL
- AIR CANADA
- BRITISH AIRWAYS
- CATHAY PACIFIC
- THAI AIRWAYS INTERNATIONAL
- & OTHER MAJOR AIRLINES

**AUTHORIZED AGENTS FOR**

**ਘੱਟ ਤੋਂ ਘੱਟ ਕਿਰਾਏ** ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363

# ਪਰਧਾਨ ਮੰਤਰੀ ਦੀ ਪੰਜਾਬ ਫੇਰੀ ਤੋਂ ਪਿਛੋਂ

ਪਰਧਾਨ ਮੰਤਰੀ ਰਾਜੀਵ ਗਾਂਧੀ ਦੀ ਇਕ ਦਿਨਾ ਪੰਜਾਬ ਫੇਰੀ ਉੱਤੇ ਕੁਲ ਕਿੰਨਾ ਖਰਚ ਆਇਆ ਅਤੇ ਸੁਰਖਿਆ ਪ੍ਰਬੰਧਾਂ ਲਈ ਕਿੰਨੀ ਗਿਣਤੀ ਵਿਚ ਪੁਲਸ ਤੇ ਸੁਰਖਿਆ ਦਲਾਂ ਦੀ ਵਰਤੋਂ ਕੀਤੀ ਗਈ ਅਸੀਂ ਇਸ ਸਬੰਧ ਵਿਚ ਕੋਈ ਟਿਪਣੀ ਨਹੀਂ ਕਰ ਰਹੇ। ਇਹ ਚੰਗੀ ਗਲ ਹੈ ਕਿ ਉਹਨਾਂ ਦੀ ਪੰਜਾਬ ਫੇਰੀ ਦੌਰਾਨ ਕੋਈ ਘਟਨਾ ਨਹੀਂ ਵਾਪਰੀ ਅਤੇ ਉਹ ਪੰਜਾਬ ਦਾ ਆਪਣਾ ਮਿਥਿਆ ਪ੍ਰੋਗਰਾਮ ਸਿਰੇ ਚਾੜ ਗਏ ਹਨ। ਅਖਬਾਰਾਂ ਵਿਚ, ਰੇਡੀਓ ਰਾਹੀਂ ਅਤੇ ਟੀ. ਵੀ. ਰਾਹੀਂ ਉਹਨਾਂ ਦੇ ਦੌਰੇ ਦੀ ਭਰਪੂਰ ਚਰਚਾ ਹੋਈ ਹੈ ਅਤੇ ਪ੍ਰੈਸ ਦੇ ਕੁਝ ਹਲਕਿਆਂ ਨੇ ਇਸ ਦੌਰੇ ਨੂੰ 'ਸਫਲ' ਕਿਹਾ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਆਈ ਦੇ ਆਗੂ ਰਾਜੀਵ ਗਾਂਧੀ ਦੇ ਇਸ ਦੌਰੇ ਤੋਂ ਇਸ ਕਰਕੇ ਖੁਸ਼ ਹਨ ਕਿ ਉਹ ਜਲੰਧਰ ਵਿਚ ਇਕ ਵੱਡੀ ਰੈਲੀ ਕਰਨ ਵਿਚ ਸਫਲ ਹੋ ਗਏ ਹਨ ਅਤੇ ਦੌਰੇ ਤੋਂ ਪਹਿਲਾਂ ਕੇਂਦਰੀ ਸਰਕਾਰ ਨੇ ਪੰਜਾਬ ਨੂੰ ਕੁਝ ਆਰਥਕ ਲਾਭ ਵੀ ਦਿੱਤੇ ਹਨ।

ਪਰਧਾਨ ਮੰਤਰੀ ਦੀ ਪੰਜਾਬ ਫੇਰੀ ਤੋਂ ਪਹਿਲਾਂ ਪੰਜਾਬ ਨੂੰ ਵੱਖ ਵੱਖ ਤਰਾਂ ਦੇ ਆਰਥਕ ਲਾਭ ਦੇਣ ਸਬੰਧੀ ਐਲਾਨ ਪਹਿਲਾਂ ਹੀ ਹੋ ਚੁਕੇ ਸਨ ਅਤੇ ਲੋਕ ਇਸ ਗੱਲ ਦੀ ਭਾਰੀ ਆਸ ਲਾਈ ਬੈਠੇ ਸਨ ਕਿ ਪਰਧਾਨ ਮੰਤਰੀ ਆਪਣੀ ਪੰਜਾਬ ਫੇਰੀ ਸਮੇਂ ਪੰਜਾਬ ਮਸਲੇ ਦੇ ਸਿਆਸੀ ਹੱਲ ਸਬੰਧੀ ਕੁਝ ਕਹਿਣਗੇ ਅਤੇ ਇਹ ਮਸਲਾ ਨਬੇੜਨ ਵਾਲਾ ਐਲਾਨ ਕਰਨਗੇ ਪਰ ਉਹਨਾਂ ਨੇ ਇਸ ਸੇਧ ਵਿਚ ਕੋਈ ਗੱਲ ਨਹੀਂ ਕੀਤੀ ਅਤੇ ਕੇਵਲ ਇਹ ਗੋਲ-ਮੋਲ ਬਿਆਨ ਦੇਣ ਤਕ ਹੀ ਆਪਣੇ ਆਪ ਨੂੰ ਸੀਮਤ ਰਖਿਆ ਹੈ ਕਿ ਉਹ ਪੰਜਾਬ ਮਸਲੇ ਬਾਰੇ ਯੁਧ-ਨੀਤੀ ਤਹਿ ਕਰਨ ਲਈ ਛੇਤੀ ਹੀ ਸਾਰੀਆਂ ਅਪੋਜ਼ੀਸ਼ਨ ਪਾਰਟੀਆਂ ਦੇ ਪ੍ਰਤੀਨਿਧਾਂ ਨੂੰ ਬੁਲਾਉਣਗੇ।

ਇਹ ਮੀਟਿੰਗ ਕਦੋਂ ਸੱਦੀ ਜਾਂਦੀ ਹੈ ਅਤੇ ਇਸ ਵਿਚ ਕੇਂਦਰੀ ਸਰਕਾਰ ਕੀ ਪਹੁੰਚ ਲੈਂਦੀ ਹੈ ਇਸ ਦਾ ਅਨੁਮਾਨ ਲਾਉਣਾ ਕੋਈ ਮੁਸ਼ਕਲ ਨਹੀਂ। ਹਾਲ ਦੀ ਘੜੀ ਸੰਕੇਤ ਏਹੀ ਮਿਲਦੇ ਹਨ ਕੁਝ ਖਾਸ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਪ੍ਰਧਾਨ ਮੰਤਰੀ ਪੰਜਾਬ ਮਸਲੇ ਨੂੰ ਜਿਉਂ ਦਾ ਤਿਉਂ ਲਟਕਦਾ ਰਖਣਾ ਚਾਹੁੰਦੇ ਹਨ ਅਥਵਾ ਪੰਜਾਬ ਦੇ ਸਬੰਧ ਵਿਚ ਪੁਰਾਣੀ ਪਾਲਸੀ ਹੀ ਜਾਰੀ ਰਖੀ ਜਾਵੇਗੀ। ਇਹ ਪਾਲਸੀ ਹੈ ਕੇਵਲ ਪ੍ਰਬੰਧਕੀ ਕਦਮਾਂ ਉੱਤੇ ਟੇਕ ਰਖਣੀ।

ਪਰਧਾਨ ਮੰਤਰੀ ਰਾਜੀਵ ਗਾਂਧੀ ਦੇ ਦੌਰੇ ਤੋਂ ਪਹਿਲਾਂ ਪੰਜਾਬ ਨੂੰ ਆਰਥਕ ਲਾਭ ਦੇਣ ਲਈ ਕਝ ਐਲਾਨ ਹੋਏ। ਇਸ ਤੋਂ ਬਿਨਾਂ ਉਹਨਾਂ ਨੇ ਵੱਖ ਵੱਖ ਥਾਵਾਂ 'ਤੇ ਕੀਤੇ ਭਾਸ਼ਣਾਂ ਵਿਚ ਵੀ ਪੰਜਾਬ ਨੂੰ ਵੱਖ ਵੱਖ ਸਹੂਲਤਾਂ ਦੇਣ ਦੀਆਂ ਗੱਲਾਂ ਕੀਤੀਆਂ ਅਤੇ ਕਿਹਾ ਗਿਆ ਕਿ ਪੰਜਾਬ ਨੂੰ ਆਰਥਕ ਤੌਰ ਉੱਤੇ ਪੱਕੇ ਪੈਰੀਂ ਕਰਨ ਲਈ ਅਤੇ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਨੂੰ ਲਾਭ ਪਹੁੰਚਾਉਣ ਲਈ ਸਰਕਾਰ ਨੇ ਬਹੁਤ ਸਾਰੀਆਂ ਯੋਜਨਾਵਾਂ ਉਲੀਕੀਆਂ ਹਨ। ਪਰ ਇਹ ਸੋਚਣਾ ਗਲਤ ਹੋਵੇਗਾ ਕਿ ਕੇਵਲ ਅਜਿਹੀਆਂ ਬਿਆਨ-ਬਾਜ਼ੀਆਂ ਅਤੇ ਕਦਮਾਂ ਨਾਲ ਹੀ ਪੰਜਾਬ ਮਸਲਾ ਹੱਲ ਹੋ ਜਾਵੇਗਾ।

ਪਰਧਾਨ ਮੰਤਰੀ ਦੀ ਪੰਜਾਬ ਫੇਰੀ ਤੋਂ ਪਹਿਲਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਸ੍ਰੀ ਪੀ. ਚਿੰਦਾਬਰਮ ਨੇ ਸੂਬੇ ਦਾ ਦੌਰਾ ਕੀਤਾ ਸੀ। ਉਹਨਾਂ ਨੇ ਰਾਜਧਾਨੀ ਅਤੇ ਹੋਰ ਵੱਖ ਵੱਖ ਥਾਵਾਂ ਉੱਤੇ ਸਰਕਾਰੀ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ। ਉਹਨਾਂ ਸਭਨਾਂ ਨੇ ਹੀ ਇਹ ਗੱਲ ਆਖੀ ਸੀ ਕਿ ਪੰਜਾਬ ਦਾ ਮਸਲਾ ਕੇਵਲ ਪ੍ਰਸ਼ਾਸਕੀ ਕਦਮਾਂ ਨਾਲ ਹੱਲ ਨਹੀਂ ਹੋ ਸਕਦਾ ਉਹਨਾਂ ਦਾ ਕਹਿਣਾ ਸੀ ਕਿ ਕੁਝ ਸਿਆਸੀ ਪਹਿਲ-ਕਦਮੀਆਂ ਲਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਕੁਝ ਅੜਿਕੇ ਛੇਤੀ ਦੂਰ ਕੀਤੇ ਜਾਣੇ ਚਾਹੀਦੇ ਹਨ ਜਿਹੜੇ ਕਿ ਇਸਦੇ ਹੱਲ ਦੇ ਰਾਹ ਵਿਚ ਵੱਡੀ ਰੁਕਾਵਟ ਹਨ।

ਸ੍ਰੀ ਚਿੰਦਾਬਰਮ ਦੀ ਫੇਰੀ ਤੋਂ ਪਿਛੋਂ ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਵੱਖ ਵੱਖ ਯੂਨੀਵਰਸਟੀਆਂ ਦੇ ਵਿਦਿਆਰਥੀਆਂ ਦੀ ਮੀਟਿੰਗ ਬੁਲਾਈ ਅਤੇ ਪੰਜਾਬ ਮਸਲੇ ਬਾਰੇ ਤੇ ਇਸ ਦੇ ਹੱਲ ਬਾਰੇ ਉਹਨਾਂ ਦੇ ਵਿਚਾਰ ਸੁਣੇ ਸਨ। ਵਿਦਿਆਰਥੀਆਂ ਦਾ ਉਤਰ ਵੀ ਏਹੀ ਸੀ।

ਸਤੰਬਰ ਮਹੀਨੇ ਦੇ ਸ਼ੁਰੂ ਵਿਚ ਪ੍ਰਦੇਸ਼ ਕਾਂਗਰਸ (ਆਈ) ਦੀ ਮੀਟਿੰਗ ਚੰਡੀਗੜ ਵਿਖੇ ਹੋਈ। ਉਸ ਮੀਟਿੰਗ ਵਿਚ ਕਾਂਗਰਸ ਆਈ ਦੇ ਲੀਡਰਾਂ ਨੇ ਖੁਲ੍ਹਕੇ ਇਹ ਗੱਲਾਂ ਆਖੀਆਂ ਕਿ ਅਜੇਹੀ ਅਵਸਥਾ ਨੂੰ ਓਨਾ ਚਿਰ ਤਕ ਚੰਗੇ ਪਾਸੇ ਵੱਲ ਮੋੜਾ ਨਹੀਂ ਦਿੱਤਾ ਜਾ ਸਕਦਾ ਜਿੰਨਾ ਚਿਰ ਤਕ ਕਿ ਕੁਝ ਅੜਿਕੇ ਦੂਰ ਨਹੀਂ ਹੁੰਦੇ ਅਤੇ ਸਿਆਸੀ ਹੱਲ ਨਹੀਂ ਲਭਿਆ ਜਾਂਦਾ।

ਦੋ ਸਤੰਬਰ ਨੂੰ ਨਵੀਂ ਦਿੱਲੀ ਵਿਖੇ ਸਿਆਸੀ ਆਗੂਆਂ, ਬੁਧੀ-ਜੀਵੀਆਂ, ਪੱਤਰਕਾਰਾਂ ਅਤੇ ਹੋਰਨਾਂ ਦੀ ਇਕ ਮੀਟਿੰਗ ਪੰਜਾਬ ਮਸਲੇ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਹੋਈ। ਇਸ ਮੀਟਿੰਗ ਨੇ ਵੀ ਏਹੀ ਭਾਰੂ ਵਿਚਾਰ ਸਾਹਮਣੇ ਰੱਖੇ ਕਿ ਜਿਹੜੀ ਲੋੜਾਂ ਦੀ ਲੋੜ ਹੈ ਉਹ ਹੈ ਮਸਲੇ ਦਾ ਸਿਆਸੀ ਹੱਲ।

ਦੇਸ ਦੀਆਂ ਖੱਬੀਆਂ ਪਾਰਟੀਆਂ ਦਾ ਪੰਜਾਬ ਮਸਲੇ ਬਾਰੇ ਨਕਤਾ-ਨਜ਼ਰ ਅਸੀਂ ਏਥੇ ਦੁਹਰਾਉਣਾ ਨਹੀਂ ਚਹੁੰਦੇ ਜਿਹੜੀਆਂ ਕਿ ਆਰੰਭ ਤੋਂ ਹੀ ਇਸ ਗਲ ਉੱਤੇ ਜ਼ੋਰ ਦਿੰਦੀਆਂ ਚਲੀਆਂ ਆ ਰਹੀਆਂ ਹਨ ਕਿ ਪੰਜਾਬ ਮਸਲਾ ਕੇਵਲ ਅਮਨ ਕਾਨੂੰਨ ਦਾ ਹੀ ਮਸਲਾ ਨਹੀਂ ਸਗੋਂ ਇਹ ਨਾਲ ਦੀ ਨਾਲ ਇਕ ਸਿਆਸੀ ਮਸਲਾ ਵੀ ਹੈ ਅਤੇ ਇਸ ਦਾ ਸਿਆਸੀ ਹੱਲ ਜ਼ਰੂਰੀ ਹੈ।

ਪੰਜਾਬ ਦੇ ਸਬੰਧ ਵਿਚ ਸਰਕਾਰ ਵਲੋਂ ਸਮੇਂ ਸਮੇਂ ਇਹ ਦਾਅਵੇ ਕੀਤੇ ਜਾਂਦੇ ਹਨ ਕਿ ਹਾਲਾਤ ਬਿਹਤਰ ਹੋ ਰਹੇ

■ ਸਪੈਸ਼ਲ **GABA TRAVELS (1982) LTD.** ■ ਸਪੈਸ਼ਲ ■

6612 MAIN ST., VANCOUVER, B.C. V5X 3H2

**Tel. (604) 324-3336**



**AUTHORIZED AGENTS FOR AIR INDIA**

**AND NOW WE ARE AUTHORISED**

**K.L.M.** (ROYAL DUTCH AIRLINES)

**SPECIAL FARE TO:** Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32

TOLL FREE NO.
B. C. & ALBERTA
1—800 663 6696

ASSOCIATED OFFICES IN INDIA:

| | | |
|---|---|---|
| **GABA TRAVELS** | **GABA TRAVELS** | **GABA TRAVELS** |
| (Opposit Friends Theatre) | V.P.O. NURMAHAL | NEW DELHI |
| JALLANDHAR CITY | JALLANDHAR | |
| TEL. 74597 | TEL. 49 | |

ਹਨ। ਪਰ ਵਾਪਰ ਰਹੀਆਂ ਘਟਨਾਵਾਂ ਸਰਕਾਰ ਦੇ ਇਹਨਾਂ ਦਾਅਵਿਆਂ ਨੂੰ ਬੁਰੀ ਤਰਾਂ ਝੁਠਲਾਉਂਦੀਆਂ ਹਨ।

ਹਕੀਕਤ ਇਹ ਹੈ ਕਿ ਅਖਬਾਰਾਂ ਵਿਚ ਹਰ ਰੋਜ਼ ਹੀ ਦਰਜਨਾਂ ਬੇਗੁਨਾਹ ਲੋਕਾਂ ਦੇ ਮਾਰੇ ਜਾਣ ਸਬੰਧੀ ਸੁਰਖੀਆਂ ਲਗਦੀਆਂ ਹਨ। ਇਸ ਨਾਲ ਲੋਕਾਂ ਵਿਚ ਗਮ ਅਤੇ ਗੁੱਸੇ ਦੀ ਲਹਿਰ ਦੌੜਦੀ ਹੈ। ਇਹ ਗੁੱਸਾ ਜਿਥੇ ਕਾਤਲਾਂ ਵਿਰੁੱਧ ਹੁੰਦਾ ਹੈ ਉਥੇ ਸਰਕਾਰ ਵਿਰੁੱਧ ਵੀ ਜਿਹੜੀ ਕਿ ਉਹਨਾਂ ਦੀ ਰਖਿਆ ਨਹੀਂ ਕਰ ਸਕਦੀ ਅਤੇ ਜਿਸ ਦੀ ਪੁਲਸ ਤੇ ਹੋਰ ਫੌਜੀ ਦਸਤਿਆਂ ਦੇ ਹੁੰਦਿਆਂ ਹੋਇਆਂ ਅੱਤਵਾਦੀ ਤੱਤ ਹਥਿਆਰ ਲੈ ਕੇ ਸਰਹੱਦੀ ਜ਼ਿਲਿਆਂ ਵਿਚ ਤਾਂ ਦਿਨ ਸਮੇਂ ਵੀ ਘੁੰਮਦੇ ਫਿਰਦੇ ਹਨ।

★ਕਾਲੀ ਗਰਜ ਕਾਰਵਾਈ (2) ਨਾਲ ਅੱਤਵਾਦੀ ਤੱਤ ਬੁਰੀ ਤਰਾਂ ਨੰਗੇ ਹੋਏ ਸਨ ਅਤੇ ਉਹਨਾਂ ਦੀਆਂ ਦੇਸ਼ ਧਰੋਹੀ ਕਾਰਵਾਈਆਂ ਕਾਰਨ ਤੇ ਉਹਨਾਂ ਵਲੋਂ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਬੇਹੁਰਮਤੀ ਕਰਨ ਵਾਲੇ ਬਹੁਤ ਸਾਰੇ ਕਾਰਿਆਂ ਕਾਰਨ ਉਹਨਾਂ ਵਿਰੁੱਧ ਨਫਰਤ ਅਤੇ ਗੁੱਸੇ ਦੀ ਲਹਿਰ ਉੱਠੀ ਸੀ। ਇਸ ਨੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਵੀ ਕਟਹਿਰੇ ਵਿਚ ਖੜਾ ਕਰ ਦਿੱਤਾ ਸੀ ਅਤੇ ਅੱਤਵਾਦੀਆਂ ਲਈ ਹਥਿਆਰ ਇਕੱਤਰ ਕਰਕੇ ਹਰਮੰਦਰ ਸਾਹਿਬ ਕੰਪਲੈਕਸ ਨੂੰ ਆਪਣੀਆਂ ਦੇਸ਼ ਧਰੋਹੀ ਸਰਗਰਮੀਆਂ ਜਾਰੀ ਰਖਣ ਲਈ ਪਨਾਹਗਾਹ ਬਣੌਣਾਂ ਵੀ ਚੋਖਾ ਔਖਾ ਕੰਮ ਬਣ ਗਿਆ ਸੀ। ਪਰ ਸਰਕਾਰ ਇਸ ਤਰਾਂ ਦੀ ਅਵਸਥਾ ਤੋਂ ਲਾਭ ਨਾ ਉਠਾ ਸਕੀ। ਇਸ ਨੇ ਓਦੋਂ ਨਾ ਹੀ ਖੱਬੀਆਂ ਪਾਰਟੀਆਂ ਦੀ ਤਜਵੀਜ਼ਾਂ ਵੱਲ ਕੋਈ ਧਿਆਨ ਦਿੱਤਾ ਅਤੇ ਨਾ ਹੀ ਹੋਰ ਸਿਆਸੀ ਸ਼ਕਤੀਆਂ ਦੀਆਂ ਤਜਵੀਜ਼ਾਂ ਵੱਲ।

ਕਾਲੀ ਗਰਜ ਕਾਰਵਾਈ ਤੋਂ ਪਿਛੋਂ ਕੇਂਦਰੀ ਸਰਕਾਰ ਨੇ ਜਿਹੜੇ ਵੀ ਕਦਮ ਪੁੱਟੇ ਹਨ ਉਹ ਵੇਲਾ ਟਪਾਉਣ ਵਾਲੇ ਹਨ।

ਜਲੰਧਰ ਦੀ ਰੈਲੀ ਵਿਚ ਪਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਪੰਜਾਬ ਵਿਚ ਜਿਹੜੀ ਸਥਿਤੀ ਹੈ ਉਹ ਉਸੇ ਕਿਸਮ ਦੀ ਹੈ ਜਦੋਂ ਕਿ 1948 ਵਿਚ ਕਸ਼ਮੀਰ ਵਿਚ ਹਮਲਾ ਹੋਇਆ ਸੀ ਅਤੇ ਘੁਸਪੈਠੀਏ ਦਾਖਲ ਹੋਏ ਸਨ।

ਜੇ ਪਰਧਾਨ ਮੰਤਰੀ ਅਨੁਸਾਰ ਪਾਕਿਸਤਾਨ ਰਾਹੀਂ ਦਖਲ ਦਾ ਪੱਧਰ ਇਹ ਹੈ ਤਾਂ ਨਿਸ਼ਚੇ ਹੀ ਹਾਲਾਤ ਬੜੇ ਗੰਭੀਰ ਹਨ।

ਸਰਕਾਰ ਖੁਦ ਇਸ ਹਕੀਕਤ ਨੂੰ ਮੰਨਦੀ ਹੈ ਕਿ ਸਰਹੱਦ ਰਾਹੀਂ ਘੁਸ-ਪੈਠ ਵੀ ਜਾਰੀ ਹੈ ਅਤੇ ਹਥਿਆਰ ਵੀ ਆ ਜਾ ਰਹੇ ਹਨ। ਇਸ ਤੋਂ ਬਿਨਾਂ ਪਾਕਿਸਤਾਨ ਦੀ ਧਰਤੀ ਅੰਦਰ ਆਪਣਾ ਕੇਂਦਰ ਬਣਾਈ ਬੈਠੀ ਨਾਮ-ਨਿਹਾਦ ਪੰਥਕ ਕਮੇਟੀ ਲਗਾਤਾਰ ਪੰਜਾਬ ਦੇ ਅੱਤਵਾਦੀਆਂ ਨੂੰ ਅਗਵਾਈ ਦੇ ਰਹੀ ਹੈ ਅਤੇ ਇਸ ਦੇ ਪੱਛਮੀ ਦੇਸਾਂ ਵਿਚਲੇ ਖਾਲਿਸਤਾਨੀ ਤੱਤਾਂ ਨਾਲ ਵੀ ਸੰਪਰਕ ਹੈ।

ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪਣੇ ਜਲੰਧਰ ਰੈਲੀ ਦੇ ਭਾਸ਼ਣ ਵਿਚ ਆਖਿਆ ਹੈ ਕਿ ਪੰਜਾਬ ਦੇ ਲੋਕ ਇਕ-ਮੁਠ ਹੋ ਕੇ ਅੱਤਵਾਦੀਆਂ ਦਾ ਮੁਕਾਬਲਾ ਕਰ ਰਹੇ ਹਨ ਅਤੇ ਉਹਨਾਂ ਨੇ ਪੰਜਾਬ ਦੇ ਲੋਕਾਂ ਨੂੰ ਫਿਰਕਿਆਂ ਵਿਚ ਵੰਡਣ ਦੀਆਂ ਸੱਭੇ ਅੱਤਵਾਦਾ ਚਾਲਾਂ ਫੇਲ੍ਹ ਕਰ ਦਿਤੀਆਂ ਹਨ। ਇਸ ਸਬੰਧ ਵਿਚ ਉਹਨਾਂ ਨੇ ਇਕ ਮਿਸਾਲ ਵੀ ਦਿੱਤੀ ਕਿ ਜਦੋਂ ਇਕ ਥਾਂ ਅੱਤਵਾਦੀਆਂ ਨੇ ਲੋਕਾਂ ਨੂੰ ਇਹ ਹੁਕਮ ਦਿੱਤਾ ਕਿ ਇਕ ਫਿਰਕੇ ਵਾਲੇ ਵੱਖ ਹੋ ਜਾਣ ਤਾਂ ਉਹਨਾਂ ਦੀ ਕਿਸੇ ਨਾ ਸੁਣੀ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਪੰਜਾਬ ਦੇ ਲੋਕ ਇਕ-ਮੁੱਠ ਹੋ ਕੇ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਲੜ ਰਹੇ ਹਨ ਅਤੇ ਪੰਜਾਬ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਮੁਖ ਰੂਪ ਵਿਚ ਖੱਬੀਆਂ ਪਾਰਟੀਆਂ ਭਾਰੀ ਕੁਰਬਾਨੀ ਕਰ ਰਹੀਆਂ ਹਨ। ਪਰ ਜੇ ਸਰਕਾਰ ਪੰਜਾਬ ਮਸਲੇ ਦੇ ਸਿਆਸੀ ਹੱਲ ਲਈ ਫੌਰੀ ਕਦਮ ਚੁੱਕ ਲਵੇ ਤਾਂ ਪੰਜਾਬ ਵਿਚ ਹਾਲਾਤ ਨੂੰ ਚੰਗੇ ਪਾਸੇ ਵੱਲ ਮੋੜਾ ਦਿੱਤਾ ਜਾ ਸਕਦਾ ਹੈ।

ਪੰਜਾਬੀਆਂ ਵਿਚ ਦੇਸ਼ ਭਗਤੀ ਦੀ ਕੋਈ ਘਾਟ ਨਹੀਂ। ਸਾਮਰਾਜਵਾਦ ਵਿਰੁੱਧ ਲੜਾਈ ਵਿਚ ਪੰਜਾਬੀਆਂ ਦੀਆਂ ਸ਼ਾਨਦਾਰ ਰਵਾਇਤਾਂ ਹਨ। ਇਹਨਾਂ ਨੇ ਮਹਾਨ ਕੁਰਬਾਨੀਆਂ ਦਿਤੀਆਂ। ਜੇ ਸਰਕਾਰ ਪੰਜਾਬ ਮਸਲੇ ਦਾ ਰਾਜੀਵ ਲੌਂਗੋਵਾਲ ਸਮਝੌਤੇ ਦੇ ਆਧਾਰ ਉੱਤੇ ਨਬੇੜਾ ਕਰ ਦੇਵੇ ਤਾਂ ਪੰਜਾਬ ਦੀਆਂ ਦੇਸ਼ ਭਗਤੀ ਅਤੇ ਕੌਮੀ ਏਕਤਾ ਦੀਆਂ ਰਵਾਇਤਾਂ ਮੁੜ ਜਗਾਈਆਂ ਜਾ ਸਕਦੀਆਂ ਹਨ ਅਤੇ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਸੂਬੇ ਅੰਦਰ ਅਜਿਹਾ ਉਭਾਰ ਪੈਦਾ ਕੀਤਾ ਜਾ ਸਕਦਾ ਹੈ ਕਿ ਇਹ ਬਦੇਸ਼ੀ ਮਦਦ ਦੇ ਹੁੰਦਿਆਂ ਹੋਇਆਂ ਵੀ ਏਥੇ ਘੁੰਮ ਫਿਰ ਨਾ ਸਕਣ ਅਤੇ ਲੋਕ ਇਹਨਾਂ ਨੂੰ ਆਪ ਹੀ ਚੁਣ ਚੁਣ ਕੇ ਮਾਰ ਦੇਣ। ਅਜਿਹੀ ਅਵਸਥਾ ਸਚ-ਮੁਚ ਹੀ ਪੈਦਾ ਕੀਤੀ ਜਾ ਸਕਦੀ ਹੈ। ਪਰ ਇਸਦੇ ਉਲਟ ਜੇ ਅਜੋਕੀ ਅਵਸਥਾ ਜਾਰੀ ਰਹੀ ਅਤੇ ਪੰਜਾਬ ਨੂੰ ਪਹਿਲਾਂ ਵਾਂਗ ਹੀ ਅਮਨ ਕਨੂੰਨ ਦੀ ਸਮਸਿਆ ਹੀ ਸਮਝੀ ਰਖਿਆ ਗਿਆ ਤਾਂ ਇਸ ਸਭ ਕੁਝ ਦੇ ਦੇਸ਼ ਲਈ ਤਬਾਹ-ਕੁੰਨ ਸਿੱਟੇ ਨਿਕਲਨਗੇ ਕਿਉਂ ਜੁ ਪੰਜਾਬ ਇਕ ਸਰਹੱਦੀ ਰਾਜ ਹੈ।

ਕਸ਼ਮੀਰ ਵਿੱਚ ਪਹਿਲਾਂ ਹੀ ਦੇਸ਼ ਧਰੋਹੀ ਸ਼ਕਤੀਆਂ ਸਰਗਰਮ ਹਨ। ਜੇ ਪੰਜਾਬ ਵਿਚ ਅਜੋਕੀ ਅਵਸਥਾ ਕਾਇਮ ਰਹਿੰਦੀ ਹੈ ਤਾਂ ਇਸ ਨਾਲ ਸੁਰਖਿਆ ਨੂੰ ਭਾਰੀ ਖਤਰਾ ਉਤਪੰਨ ਹੁੰਦਾ ਹੈ ਕਿਉਂ ਜੁ ਦੋਹਾਂ ਸਰਹੱਦੀ ਰਾਜਾਂ ਦੀਆਂ ਹੱਦਾਂ ਪਾਕਿਸਤਾਨ ਨਾਲ ਲਗਦੀਆਂ ਹਨ ਜਿਥੋਂ ਤਕ ਸਾਮਰਾਜੀ ਸ਼ਕਤੀਆਂ ਦੀ ਮਦਦ ਨਾਲ ਸਭ ਕੁਝ ਹੋ ਰਿਹਾ ਹੈ।

ਦੇਸ਼ ਅੰਦਰ ਭਾਰੂ ਵਿਚਾਰ ਅਤੇ ਮੱਤ ਇਸ ਗੱਲ ਦੇ ਹੱਕ ਵਿਚ ਹੈ ਕਿ ਪੰਜਾਬ ਮਸਲੇ ਦਾ ਸਿਆਸੀ ਹੱਲ ਕੀਤਾ ਜਾਵੇ ਅਤੇ ਇਸ ਨੂੰ ਕਿਸੇ ਵੀ ਤਰਾਂ, ਕਿਸੇ ਵੀ ਹੋਰ ਤੰਗ-ਸਿਆਸੀ ਹਿੱਤ ਖਾਤਰ ਲਟਕਾਇਆ ਨਾ ਜਾਵੇ।

ਅਖੀਰ ਵਿਚ ਅਸੀਂ ਇਸ ਗਲ ਉਤੇ ਜ਼ੋਰ ਦਿੰਦੇ ਹਾਂ ਕਿ ਜੇ ਸੱਚ-ਮੁਚ ਹੀ ਪਰਧਾਨ ਮੰਤਰੀ ਪੰਜਾਬ ਮਸਲੇ ਬਾਰੇ ਅਪੋਜ਼ੀਸ਼ਨ ਪਾਰਟੀਆਂ ਨਾਲ ਮਿਲਕੇ ਕੁਝ ਕਰਨ ਲਈ ਗੰਭੀਰ ਹਨ ਤਾਂ ਉਹਨਾਂ ਨੂੰ ਪੰਜਾਬ ਸਮਝੌਤੇ ਦੀ ਸੇਧ ਵਿਚ ਮਸਲੇ ਦੇ ਸਿਆਸੀ ਹੱਲ ਲਈ ਕੁਝ ਠੋਸ ਤਜਵੀਜ਼ਾਂ ਸਾਹਮਣੇ ਰਖਣੀਆਂ ਚਾਹੀਦੀਆਂ ਹਨ ਅਤੇ ਇਹ ਮਸਲਾ ਕਿਸੇ ਵੀ ਤਰ੍ਹਾਂ ਹੋਰ ਨਹੀਂ ਲਟਕਣਾ ਚਾਹੀਦਾ। ਏਸੇ ਵਿਚ ਹੀ ਪੰਜਾਬ ਦਾ ਭਲਾ ਹੈ, ਏਸੇ ਵਿਚ ਹੀ ਦੇਸ਼ ਦਾ ਭਲਾ ਹੈ।


PAUL'S
PLUMBING, ELECTRICAL & HEATING SUPPLY



OPEN 7 DAYS A WEEK



4578 Main St., Vancouver
PH. 872-3118, 872-7227

Plumbing & Bathroom Fixtures & Supplies
Hot Water Tanks

Hot Water Heating & Supplies
And Instalations

# POPULAR FURNITURE MFG. LTD.

*7935 - 128th. STREET, SURREY, B.C.*

*TEL. 596-1216*

## ਫਰਨੀਚਰ ਸਿੱਧਾ ਫੈਕਟਰੀ ਤੋਂ ਹੋਲਸੇਲ ਦੀਆਂ ਕੀਮਤਾਂ ਤੇ ਖਰੀਦੋ।

ਅਸੀਂ ਆਪਣੀ ਫੈਕਟਰੀ ਵਿਚ
ਬੈਡਰੂਮ ਸੁਈਟਾਂ, ਸੋਫਾ ਸੈਟਜ਼
ਡਾਇਨਿੰਗ ਰੂਮ ਸੁਈਟਜ਼ ਅਤੇ
ਹੋਲਸੇਲ ਦੀਆਂ ਕੀਮਤਾਂ
ਤੇ ਲਾ ਦਿੱਤੀਆਂ ਹਨ। ਇਹੋ
ਜਿਹੇ ਸ਼ਾਨਦਾਰ ਮੌਕੇ ਦਾ
ਫਾਇਦਾ ਉਠਾਓ।



CALL US FIRST

## Express Internationl Travel (1986) Ltd.

Authorised Agents for All Major Airlines of the World.

**ਧਮਾਕੇਦਾਰ ਸੇਲ** ਲੱਗ ਗਈ ਹੈ।

| | | | | | | |
|---|---|---|---|---|---|---|
| ਸਿੰਘਾਪੁਰ | $1050.00 | ਟਰੰਟੋ | $299 | Return | ਕੈਲਗਰੀ | $148 |
| ਹਾਂਗਕਾਂਗ | $870 RT | ਇੰਗਲੈਂਡ | $648 | Return | ਐਡਮੰਟਨ | $164 |

- ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।
- ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।
- ਇੱਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇੰਸ਼ੋਰੈਂਸ Free ਦਿੱਤੀ ਜਾਵੇਗੀ
- ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਤੇ ਹਰ ਕੋਨੇ ਵਿਚ ਸਪੈਸ਼ਲ ਸਰਵਿਸ
- ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ

5787 Victoria Drive, Vancouver, B.C. V5P 3W5 **Ph. 321-8777**



AJIT KANG

2nd class Mail Reg. No. 6794

Monthly Magazine

The Lokta
P.O.Box 67534 STN.'O'
VANCOUVER, B.C. V5W 3T9




# SHAN SAREES & DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ
ਖਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**